


# ਸਫ਼ਰਨਾਮਾ ਕਿਵੇਂ ਪੜ੍ਹੀਏ?

**ਡਾ. ਸੁਰਜੀਤ ਸਿੰਘ**

ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
✆ 9356462593

ਸਫ਼ਰਨਾਮਾ ਨੂੰ ਇਕ ਮਿਸ਼ਰਿਤ ਭਾਂਤ ਦੀ ਵਿਧਾ ਦੇ ਤੌਰ ’ਤੇ ਗ੍ਰਹਿਣ ਕੀਤਾ ਜਾਂਦਾ ਹੈ। ਇਹ ਸਾਹਿਤਕ ਰਚਨਾ ਹੋਣ ਦੇ ਨਾਲ-ਨਾਲ ਇਕ ਇਤਿਹਾਸਕ ਦਸਤਾਵੇਜ਼ ਵੀ ਹੁੰਦਾ ਹੈ। ਇਤਿਹਾਸਕ ਤੱਥਾਂ ਦੇ ਨਾਲ-ਨਾਲ ਇਸ ਵਿਚ ਵਿਅਕਤੀਗਤ ਯਾਦਾਂ ਦੇ ਤੱਤ ਵੀ ਸ਼ਾਮਿਲ ਹੁੰਦੇ ਹਨ ਜਾਂ ਇਹ ਕਹੀਏ ਕਿ ਇਸ ਵਿਚ ਪੇਸ਼ ਤੱਥ ਆਪਣੀ ਬਾਹਰਮੁਖਤਾ ਸਮੇਤ ਹਾਜ਼ਰ ਹੋਣ ਦੀ ਥਾਂ ਇਕ ਰਚਨਾਤਮਕ ਚੇਤਨ ਸ਼ਖ਼ਸੀਅਤ ਦੀ ਵਿਅਕਤੀਗਤ ਯਾਦ ਵਿਚ ਸੰਭਾਲੇ ਗਏ ਹੁੰਦੇ ਹਨ। ਵਿਅਕਤੀਗਤ ਯਾਦ ਦੇ ਨਾਲ-ਨਾਲ ਇਸ ਵਿਚ ਰਚਨਾਤਮਕ ਵਿਅਕਤੀ ਦੇ ਵੱਖ ਵੱਖ ਕਿਸਮ ਦੀਆਂ ਸਮੂਹਕ ਬਣਤਰਾਂ ਦਾ ਹਿੱਸਾ ਹੋਣ ਦੇ ਨਾਤੇ ਸਮੂਹਕ ਯਾਦਾਂ ਦੀ ਦਖ਼ਲਅੰਦਾਜ਼ੀ ਵੀ ਘੱਟ ਨਹੀਂ ਹੁੰਦੀ। ਸਾਹਿਤਕ ਰਚਨਾ ਵਜੋਂ ਵੀ ਇਸ ਵਿਚ ਇਕ ਤੋਂ ਵੱਧ ਸਾਹਿਤਕ ਵਿਧਾਵਾਂ ਦੇ ਮੋਟਿਫ਼ਾਂ ਤੇ ਰਚਨਾ ਜੁਗਤਾਂ ਦਾ ਇਸਤੇਮਾਲ ਹੁੰਦਾ ਹੈ ਅਤੇ ਇਕ ਇਤਿਹਾਸਕ ਰਚਨਾ ਵਜੋਂ ਵੀ ਇਸ ਵਿਚ ਵੱਖ-ਵੱਖ ਤਰ੍ਹਾਂ ਦੇ ਵਿਸ਼ੇਸ਼ਗ ਇਤਿਹਾਸਾਂ ਦਾ ਦਖ਼ਲ ਹੋ ਸਕਦਾ ਹੁੰਦਾ ਹੈ। ਸਾਹਿਤਕ ਰਚਨਾ ਵਜੋਂ ਇਸ ਵਿਚ ਕਵਿਤਾ ਤੋਂ ਲੈ ਕੇ ਵਾਰਤਕ ਦੀਆਂ ਵੱਖ-ਵੱਖ ਸਿਨਫ਼ਾਂ (ਕਹਾਣੀ, ਸੰਸਮਰਣ, ਨਿਬੰਧ, ਪੱਤਰ, ਡਾਇਰੀ) ਦੇ ਮੋਟਿਫ਼ਾਂ ਤੇ ਸਿਰਜਣ ਵਿਧੀਆਂ ਦੀ ਵਰਤੋਂ ਹੁੰਦੀ ਹੈ। ਇਤਿਹਾਸਕ ਦਸਤਾਵੇਜ਼ ਵਜੋਂ ਇਸ ਵਿਚ ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਲੋਕਾਂ ਦੀਆਂ ਜੀਵਨ ਰੀਤੀਆਂ ਦੀ ਇਤਿਹਾਸਕਾਰੀ ਸੰਭਵ ਹੈ, ਇਸ ਵਿਚ ਪੱਤਰਕਾਰੀ ਜਾਂ ਸੂਚਨਾਤਮਕ ਬਿਓਰਿਆਂ ਦੀ ਵੀ ਵਰਤੋਂ ਹੁੰਦੀ ਹੈ, ਜਿਸ ਵਿਚ ਰਿਪੋਰਤਾਜ ਤੇ ਇਤਿਹਾਸਕ ਥਾਵਾਂ ਦੇ ਬਰੋਸ਼ਰਾਂ ਦੀ ਵਿਉਂਤਕਾਰੀ ਵੀ ਸ਼ਾਮਿਲ ਹੋ ਸਕਦੀ ਹੈ। ਇਹ ਇਕ ਅਜਿਹੀ ਵਿਧਾ ਹੈ ਜਿਸ ਵਿਚ ਸਾਹਿਤਕ ਪ੍ਰਗਟਾਵਾ ਬਹੁਤ ਹੀ ਉਚੇਚਪੂਰਣ ਹੁੰਦਾ ਹੈ ਅਤੇ ਸਾਹਿਤਕਾਰੀ ਦੇ ਅੰਸ਼ਾਂ ਦੀ ਹੋਂਦ ਬੜੀ ਪ੍ਰਗਟ ਅਤੇ ਪ੍ਰਤੱਖ ਹੁੰਦੀ ਹੈ। ਇਸ ਨੁਕਤੇ ਬਾਰੇ ਗੱਲ ਅਖ਼ੀਰ ਵਿਚ ਕਰਾਂਗੇ। ਇਸ ਲਈ ਸਫ਼ਰਨਾਮੇ ਵਿਚ ਮੌਜੂਦ ਤੱਥਗਤ ਬਿਓਰਿਆਂ, ਬਿਓਰਿਆਂ ਦੀ ਪ੍ਰਸਤੁਤੀ ਦੇ ਪਿਛੋਕੜ ਵਿਚ ਕਾਰਜਸ਼ੀਲ ਜ਼ਾਵੀਏ ਅਤੇ ਇਸ ਸਭ ਦੇ ਸਾਹਿਤਕ-ਪ੍ਰਗਟਾਵੇ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦੇ ਅਜਬ ਸੁਮੇਲ ਕਾਰਣ ਇਸ ਦੀ ਪੜ੍ਹਤ ਆਪਣੇ ਆਪ ਵਿਚ ਇਕ ਵੰਗਾਰ ਵਾਂਗ ਹੈ।

ਸਫ਼ਰਨਾਮਾ ਵਿਧਾ ਦੀ ਕਿਸੇ ਰਚਨਾ ਦੀ ਪੜ੍ਹਤ ਬਾਰੇ ਚਰਚਾ ਅੱਗੇ ਤੋਰਨ ਤੋਂ ਪਹਿਲਾਂ ਸਫ਼ਰਨਾਮਾ ਦੀਆਂ ਵਿਧਾਗਤ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ ਕੁੱਝ ਗੱਲ ਕਰ ਲੈਣੀ ਨਾਵਾਜਿਬ ਨਹੀਂ ਹੋਵੇਗੀ। ਸਫ਼ਰਨਾਮਾ ਵਿਧਾ ਦਾ ਕੋਈ ਨਿਰਪੇਖ ਪਰਿਭਾਸ਼ਕ ਚੌਖਟਾ ਬਨਾਉਣਾ ਆਸਾਨ ਨਹੀਂ ਹੈ। ਵਿਧਾ-ਸ਼ਾਸਤਰੀ ਨੁਕਤਾ-ਏ-ਨਿਗਾਹ ਤੋਂ ਦੇਖਿਆਂ ਸਾਰੀਆਂ ਹੀ ਸਾਹਿਤਕ ਵਿਧਾਵਾਂ ਦਾ ਕੋਈ ਨਿਰਪੇਖ ਰੂਪ ਵਿਚ ਨਿਸ਼ਚਿਤ ਤੇ ਸਥਿਰ ਚੌਖਟਾ ਨਹੀਂ ਹੁੰਦਾ। ਨਾਵਲ ਨੂੰ ਖੁੱਲ੍ਹੀ ਵਿਧਾ ਕਿਹਾ ਜਾਂਦਾ ਹੈ ਪਰ ਅਸਲ ਵਿਚ ਵਿਕਾਸ ਕਰ ਰਹੀ ਹਰ ਆਧੁਨਿਕ ਵਿਧਾ ਖੁੱਲ੍ਹੇ ਪ੍ਰਬੰਧ ਵਾਲੇ ਗਤੀਸ਼ੀਲ ਦਾਇਰੇ ਵਿਚ ਅੱਗੇ ਤੁਰਦੀ ਵਿਧਾ ਹੁੰਦੀ ਹੈ। ਹਰ ਵਿਧਾ ਦੀ ਗਤੀ ਦੇ ਆਪਣੇ ਕੁੱਝ ਨਿਯਮ ਹੋ ਸਕਦੇ ਹਨ ਪਰ ਇਹ ਗੱਲ ਤੈਅ ਹੈ ਕਿ ਕਿਸੇ ਕਾਲ-ਰਹਿਤ ਆਦਰਸ਼ਕ ਚੌਖਟੇ ਨੂੰ ਵਿਧਾ ਦੇ ਕਲਾਤਮਕ ਤੇ ਇਤਿਹਾਸਕ ਮੁੱਲ ਦੇ ਨਿਰਧਾਰਨ ਦਾ ਆਧਾਰ ਬਣਾਉਣਾ ਵਾਜਿਬ ਨਹੀਂ ਹੁੰਦਾ। ਇਸ ਲਈ ਕਿਸੇ ਵਿਧਾ ਦੇ ਇਤਿਹਾਸ ਦੌਰਾਨ ਸਮਾਜਿਕ-ਸਭਿਆਚਾਰਕ ਤੇ ਰਾਜਨੀਤਕ-ਵਿਚਾਰਧਾਰਾਈ ਤਬਦੀਲੀਆਂ ਵਿਚੋਂ ਗੁਜ਼ਰਦਿਆਂ ਸਾਹਮਣੇ ਆਈਆਂ ਰਚਨਾਵਾਂ ਦੀ ਵਿਆਖਿਆ ਤੇ ਉਨ੍ਹਾਂ ਦੀ ਪੜ੍ਹਤ ਦਾ ਕੋਈ ਇਕ ਸਾਰ ਮਾਡਲ ਬਜ਼ਾਉਣਾ ਨਾ ਕੇਵਲ ਮੁਸ਼ਕਿਲ ਹੈ ਸਗੋਂ ਅਣਲੋੜੀਂਦਾ ਵੀ ਹੈ। ਵੱਖ-ਵੱਖ ਦੌਰਾਂ ਵਿਚ ਬਾਹਰਵਰਤੀ ਇਤਿਹਾਸਕ ਕਾਰਕਾਂ ਕਰਕੇ ਤਬਦੀਲ ਹੁੰਦੀਆਂ ਰਚਨਾ-ਰੀਤੀਆਂ ਕਾਰਣ ਵਿਧਾਵਾਂ ਵਿਚ ਕੁੱਝ ਸਾਪੇਖਕ ਜਾਂ ਅਸਥਾਈ ਤੱਤ ਸ਼ਾਮਿਲ ਹੋ ਜਾਂਦੇ ਹਨ। ਕਿਸੇ ਵੀ ਵਿਧਾ ਨਾਲ ਸੰਬੰਧਿਤ ਰਚਨਾ ਦੀ ਪੜ੍ਹਤ ਦਾ ਮਾਡਲ ਬਨਾਉਣ ਲਈ ਉਸ ਵਿਧਾ ਵਿਚ ਆਈਆਂ ਰਚਨਾਤਮਕ ਤਬਦੀਲੀਆਂ ਨੂੰ ਸਮਝਣਾ ਜ਼ਰੂਰੀ ਹੈ। ਇਸ ਲਈ ਕਿਸੇ ਵਿਧਾ ਦੇ ਸਥਾਈ ਅਤੇ ਸਾਪੇਖਕ ਤੱਤਾਂ ਦੀ ਸੰਜੁਗਤੀ ਦੇ ਆਧਾਰ ਉੱਤੇ ਬਣਾਇਆ ਗਿਆ ਮਾਡਲ ਵਧੇਰੇ ਲਾਹੇਵੰਦ ਹੋਵੇਗਾ। ਇਸ ਲਚਕਦਾਰ ਮਾਡਲ ਦੀ ਅਣਹੋਂਦ ਵਿਚ ਪੰਜਾਬੀ ਸਫ਼ਰਨਾਮੇ ਦੇ ਜਨਮ ਤੇ


(ਪੰਨੇ 78-86)
**www.sanvad.org**
ISSN : 2395-1273

ਵਿਕਾਸ ਬਾਰੇ ਚਰਚਾ ਕਰਦਿਆਂ ਅਤੇ ਵਿਕੋਲਿੱਤਰੇ ਸਫ਼ਰਨਾਮਾ ਪਾਠਾਂ ਦਾ ਆਲੋਚਨਾਤਮਕ ਮੁਲਾਂਕਣ ਕਰਦਿਆਂ ਅਕਸਰ ਹੀ ਸਥਿਰ ਪਰਿਭਾਸ਼ਾਵਾਂ ਨੂੰ ਸੰਦਰਭ ਬਿੰਦੂ ਬਣਾ ਲਿਆ ਜਾਂਦਾ ਹੈ, ਜਿਸ ਨਾਲ ਸਾਰਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਸੀਮਿਤ ਹੋ ਜਾਂਦਾ ਹੈ।

ਹੋਰ ਆਧੁਨਿਕ ਬਿਰਤਾਂਤਕ ਵਿਧਾਵਾਂ ਵਾਂਗ ਸਫ਼ਰਨਾਮਾ ਵੀ ਪੰਜਾਬੀ ਦੀ ਮੌਲਿਕ ਵਿਧਾ ਨਹੀਂ ਹੈ। ਪੰਜਾਬੀ ਵਿਚ ਬਾਕਾਇਦਾ ਸਫ਼ਰਨਾਮਾ ਲੇਖਣ ਸ਼ੁਰੂ ਹੋਣ ਤੋਂ ਪਹਿਲਾਂ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਵਿਚ ਇਹ ਵਿਧਾ ਪੈਦਾ ਹੋਣ ਉਪਰੰਤ ਸਥਾਪਿਤ ਹੋ ਚੁੱਕੀ ਸੀ। ਪੱਛਮ ਵਿਚ ਸਫ਼ਰਨਾਮਾ ਸਾਹਸਕਰਮੀ ਕਹਾਣੀਆਂ ਤੋਂ ਵਿਕਸਿਤ ਹੋਇਆ ਮੰਨਿਆਂ ਜਾ ਸਕਦਾ ਹੈ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਹੈ ਕਿ ਪੰਜਾਬੀ ਸਾਹਿਤ ਮੂਲੋਂ ਹੀ ਮੁਸਾਫ਼ਰੀ ਦੇ ਬਿਓਰਿਆਂ ਤੋਂ ਸੱਖਣਾ ਰਿਹਾ ਹੈ। ਪੰਜਾਬੀ ਸਾਹਿਤ ਚੇਤਨਾ ਦੀ ਯਾਤਰਾ ਦੌਰਾਨ ਸਫ਼ਰਨਾਮਾ ਵਿਧਾ ਦੇ ਮੁੱਢਲੇ ਪਛਾਣ ਚਿੰਨ੍ਹ ਜਨਮ ਸਾਖੀਆਂ ਵਿਚ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਉਦਾਸੀਆਂ ਉੱਤੇ ਨਿੱਕਲਦੇ ਹਨ ਅਤੇ ਅਨੇਕਾਂ ਥਾਵਾਂ, ਸਥਿਤੀਆਂ, ਘਟਨਾਵਾਂ ਅਤੇ ਵਿਅਕਤੀਆਂ ਦੇ ਰੂਬਰੂ ਹੁੰਦੇ ਹਨ। ਜਨਮ ਸਾਖੀਆਂ ਤੋਂ ਵੀ ਪਹਿਲਾਂ ਲੋਕ-ਕਹਾਣੀਆਂ ਤੇ ਮੱਧਕਾਲੀ ਬਿਰਤਾਂਤਾਂ ਵਿਚ ਸਫ਼ਰਾਂ ਉੱਤੇ ਨਿੱਕਲੇ ਨਾਇਕਾਂ ਦਾ ਵਿਵਰਣ ਆਉਂਦਾ ਹੈ। ਲੋਕ ਕਹਾਣੀਆਂ ਦੇ ਪਾਤਰ ਆਪਣੀ ਮਨ ਇੱਛਿਤ ਚੀਜ਼ ਨੂੰ ਪ੍ਰਾਪਤ ਕਰਨ ਲਈ ਘਰੋਂ ਬਾਹਰ ਦੂਰ ਦੇਸ਼ ਦੀ ਯਾਤਰਾ ਉੱਤੇ ਨਿੱਕਲਦੇ ਹਨ। ਪਿੰਡ ਜਾਂ ਸ਼ਹਿਰ ਤੋਂ ਨਿੱਕਲਦਿਆਂ ਹੀ ਜੰਗਲ ਸ਼ੁਰੂ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਸਾਹਮਣਾ ਅਣਸੋਚੀਆਂ ਸਥਿਤੀਆਂ ਤੇ ਵਿਅਕਤੀਆਂ ਨਾਲ ਹੁੰਦਾ ਹੈ। ਪੰਜਾਬੀ ਕਿੱਸਾ ਕਾਵਿ ਵਿਚ ਵੀ ਪੁੰਨੂ ਊਠਾਂ ਦੇ ਕਾਰਵਾਂ ਨਾਲ ਸੱਸੀ ਦੇ ਦੇਸ਼ ਆਉਂਦਾ ਹੈ, ਰਾਂਝਾ ਆਪਣੀਆਂ ਭਰਜਾਈਆਂ ਦੇ ਤਾਹਨਿਆਂ ਅਤੇ ਮਿਹਣਿਆਂ ਦਾ ਸਤਾਇਆ ਆਪਣਾ ਗਿਰਾਂ ਛੱਡ ਕੇ ਸਿਆਲਾਂ ਦੇ ਪਿੰਡ ਪਰਵਾਸ ਕਰਦਾ ਹੈ। ਇਸ ਤਰ੍ਹਾਂ ਅਨੇਕਾਂ ਰਚਨਾਵਾਂ ਵਿਚ ਮੁਸਾਫ਼ਰੀ ਦੇ ਵੇਰਵਿਆਂ ਨੂੰ ਕਥਾ-ਮੋਟਿਫ਼ਾਂ ਵਾਂਗ ਵਰਤਿਆ ਗਿਆ ਹੈ ਪਰ ਇਹ ਰਚਨਾਵਾਂ ਸਫ਼ਰਨਾਮਾ ਦੇ ਵਿਧਾਗਤ ਦਾਇਰੇ ਵਿਚ ਸ਼ਾਮਿਲ ਨਹੀਂ ਹਨ ਕਿਉਂਕਿ ਇਨ੍ਹਾਂ ਵਿਚ ਸਫ਼ਰ ਰੂਪਕ ਹੈ ਵਸਤੂ ਨਹੀਂ, ਮਾਧਿਅਮ ਹੈ ਮਕਸਦ ਨਹੀਂ।

ਜਦੋਂ ਅਸੀਂ ਸਫ਼ਰਨਾਮਾ ਨੂੰ ਦੂਰ ਦੇਸ਼ ਦੀਆਂ ਯਾਤਰਾਵਾਂ ਦੇ ਬਿਰਤਾਂਤ ਨਾਲ ਜੋੜਦੇ ਹਾਂ ਤਾਂ ਸਾਨੂੰ ਇਹ ਸਮਝ ਕੇ ਚੱਲਣਾ ਚਾਹੀਦਾ ਹੈ ਕਿ ਮੱਧਕਾਲ ਦਾ ਦੇਸ਼ ਦਾ ਸੰਕਲਪ ਅੱਜ ਨਾਲੋਂ ਅੱਡਰਾ ਸੀ। ਦੇਸ ਮੂਲ ਰੂਪ ਵਿਚ ਦਿਸ਼ਾ ਤੋਂ ਬਣਿਆ ਹੋਇਆ ਸ਼ਬਦ ਹੈ। ਦੇਸ਼ ਨੂੰ ਇਕ ਰਾਜਨੀਤਕ ਇਕਾਈ ਵਜੋਂ ਮੁਲਕ ਜਾਂ ਰਾਸ਼ਟਰ ਦੇ ਅਰਥਾਂ ਵਿਚ ਬਹੁਤ ਬਾਅਦ ਵਿਚ ਆਧੁਨਿਕਤਾ ਦੇ ਪਰਵੇਸ਼ ਉਪਰੰਤ ਹੀ ਵਰਤਿਆ ਜਾਣਾ ਸ਼ੁਰੂ ਹੋਇਆ। ਸਫ਼ਰਨਾਮਾ ਵਿਧਾ ਦੁਨੀਆਂ ਦੇ ਇਤਿਹਾਸ ਵਿਚ ਰਾਸ਼ਟਰਾਂ ਦੇ ਹੋਂਦ ਵਿਚ ਆਉਣ ਅਤੇ ਉਨ੍ਹਾਂ ਦੀਆਂ ਰਾਸ਼ਟਰੀ ਹੱਦਬੰਦੀਆਂ ਦੇ ਰੂੜ੍ਹ ਤੇ ਸਖ਼ਤ ਹੋਣ ਦੀ ਪ੍ਰਕਿਰਿਆ ਦੇ ਮੁਕੰਮਲ ਹੋਣ ਤੋਂ ਬਾਅਦ ਦਾ ਵਰਤਾਰਾ ਹੈ। ਰਾਸ਼ਟਰੀ ਹੱਦਾਂ ਮਨੁੱਖਾਂ, ਵਸਤਾਂ ਤੇ ਸਰਮਾਏ ਦੇ ਆਦਾਨ-ਪ੍ਰਦਾਨ ਜਾਂ ਆਉਣ-ਜਾਣ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਚਿੰਨ੍ਹਿਤ ਕਰਦੀਆਂ ਹਨ, ਇਨ੍ਹਾਂ ਦੀ ਰਾਖੀ ਲਈ ਫ਼ੌਜਾਂ ਦੀ ਤਾਇਨਾਤੀ ਇਕ ਮੁਲਕ ਦੇ ਲੋਕਾਂ ਨੂੰ ਦੂਜੇ ਤੋਂ ਬੇਗਾਨਾ ਬਣਾਉਂਦੀ ਹੈ। ਇਹ ਬੇਗਾਨਾਪਣ ਦੂਰੀ ਵੀ ਪੈਦਾ ਕਰਦਾ ਹੈ ਤੇ ਆਕਰਸ਼ਣ ਵੀ। ਦੂਰੀ ਪੈਣ ਨਾਲ ਦੁਰਗਮ, ਅਪਹੁੰਚ ਤੇ ਨਜ਼ਰੋਂ ਓਹਲੇ ਹੋ ਗਈਆਂ ਅਥਾਵਾਂ ਤੇ ਸਥਿਤੀਆਂ ਪ੍ਰਤਿ ਜਗਿਆਸਾ ਵਿਚ ਵਾਧਾ ਹੁੰਦਾ ਹੈ ਅਤੇ ਮਨੁੱਖ ਇਨ੍ਹਾਂ ਵੱਲ ਖਿੱਚਿਆ ਜਾਂਦਾ ਹੈ, ਇਨ੍ਹਾਂ ਤਕ ਪਹੁੰਚਣਾ ਚਾਹੁੰਦਾ ਹੈ ਅਤੇ ਦੇਖਣਾ ਚਾਹੁੰਦਾ ਹੈ। ਇਸ ਜਗਿਆਸਾ ਵਿਚੋਂ ਹੀ ਸਫ਼ਰਾਂ ਦੇ ਬਿਰਤਾਂਤ ਪੈਦਾ ਹੁੰਦੇ ਹਨ।

ਹਿਊਨਸਾਂਗ ਅਤੇ ਫ਼ਾਹਿਯਾਨ ਵਰਗੇ ਚੀਨੀ ਯਾਤਰੂਆਂ ਤੇ ਉਨ੍ਹਾਂ ਤੋਂ ਬਾਅਦ ਮਹਿਮੂਦ ਗ਼ਜ਼ਨੀ ਨਾਲ ਆਏ ਉਜ਼ਬੇਕ ਯਾਤਰੂ ਅਲਬਰੂਨੀ ਨੂੰ ਅਸੀਂ ਜਾਣਦੇ ਹਾਂ, ਜਿਨ੍ਹਾਂ ਦੀਆਂ ਭਾਰਤ ਨਾਲ ਸੰਬੰਧਿਤ ਯਾਤਰਾਵਾਂ ਦੇ ਬਿਰਤਾਂਤਾਂ ਨੂੰ ਇਤਿਹਾਸਕ ਸਰੋਤਾਂ ਵਜੋਂ ਵਰਤਿਆ ਜਾਂਦਾ ਹੈ। ਇਨ੍ਹਾਂ ਬਿਰਤਾਂਤਾਂ ਵਿਚ ਭਾਰਤੀ ਉਪਮਹਾਂਦੀਪ ਵਿਚਲੇ ਸਭਿਆਚਾਰਾਂ ਦੇ ਪਾਦਾਰਥਕ, ਬੌਧਾਤਮਕ ਅਤੇ ਪ੍ਰਤਿਮਾਨਕ ਪਾਸਾਰਾਂ ਬਾਰੇ ਵਸਤੂਮੁਖੀ ਸੂਚਨਾਵਾਂ ਸੰਗ੍ਰਹਿਤ ਹਨ ਪਰ ਇਨ੍ਹਾਂ ਦੀ ਪੇਸ਼ਕਾਰੀ ਵਿਚ ਲੇਖਕ ਦੀ ਭਾਵਨਾ ਤੇ ਸੰਵੇਦਨਾ ਦਾ ਦਖ਼ਲ ਘੱਟ ਹੀ ਹੈ ਜਾਂ ਇਹ ਦਖ਼ਲ ਉਨ੍ਹਾਂ ਦੇ ਦ੍ਰਿਸ਼ਟੀ-ਪਰਿਪੇਖ ਦਾ ਹਿੱਸਾ ਹੋਣ ਕਰਕੇ ਬਹੁਤ ਅਪ੍ਰਤੱਖ ਹੈ। ਇਸ ਲਈ ਉਨ੍ਹਾਂ ਵੱਲੋਂ ਲਿਖੇ ਦਸਤਾਵੇਜ਼ਾਂ ਵਿਚ ਸਥਿਤੀਆਂ ਦੇ ਦ੍ਰਸ਼ਟਾ ਦਾ ਪਰਿਪੇਖ ਤਾਂ ਨਿਰਸੰਦੇਹ ਸ਼ਾਮਿਲ ਹੈ ਪਰ ਉਨ੍ਹਾਂ ਦਾ ਸਵੈ ਇਨ੍ਹਾਂ ਵਿਚੋਂ ਨਜ਼ਰ ਨਹੀਂ ਆਉਂਦਾ। ਇਸੇ ਕਰਕੇ ਇਨ੍ਹਾਂ ਨੂੰ ਸਾਹਿਤਕ ਸਿਨਫ਼ ਸਫ਼ਰਨਾਮਾ ਦੇ ਦਾਇਰੇ ਵਿਚ ਨਹੀਂ ਗਿਣਿਆ ਜਾਂਦਾ। ਇਸ ਦਾ ਮਤਲਬ ਇਹ ਹੈ ਕਿ ਜਦੋਂ ਸਫ਼ਰਨਾਮਾਕਾਰ ਆਪਣੀਆਂ ਯਾਦਾਂ ਦੇ ਆਸਰੇ ਯਾਤਰਾ ਅਨੁਭਵਾਂ ਦੇ ਬਿਰਤਾਂਤ ਦੀ ਸਿਰਜਣਾ ਕਰਦਿਆਂ ਆਪਣੀ ਵਿਅਕਤੀਗਤ ਭਾਸ਼ਾ-ਸ਼ੈਲੀ, ਸੁਹਜ-ਸਿਰਜਣਾਤਮਕ ਜੁਗਤਾਂ,

ਨਿੱਜੀ ਸੰਵੇਦਨਾ, ਭਾਵਨਾ, ਗਿਆਨ ਤੇ ਪਰਿਪੇਖ-ਸੋਝੀ ਨੂੰ ਵਿਚ ਸ਼ਾਮਿਲ ਕਰ ਦਿੰਦਾ ਹੈ ਤਾਂ ਅਜਿਹੀ ਭਾਸ਼ਾਈ ਸਿਰਜਣਾ ਸਾਹਿਤਕ ਸਫ਼ਰਨਾਮੇ ਦੇ ਪਰਿਭਾਸ਼ਕ ਦਾਇਰੇ ਵਿਚ ਸ਼ਾਮਿਲ ਹੋ ਜਾਂਦੀ ਹੈ।

ਸੋ ਇਹ ਕਹਿਣਾ ਨਾਵਾਜਿਬ ਨਹੀਂ ਹੋਵੇਗਾ ਕਿ ਸਫ਼ਰਨਾਮਾ ਦੀ ਵਿਧਾ ਵਿਚ ਯਾਦਾਂ, ਡਾਇਰੀ, ਰਿਪੋਰਤਾਜ, ਯਾਤਰਾ-ਬਿਰਤਾਂਤਾਂ, ਦ੍ਰਿਸ਼-ਬਿਰਤਾਂਤਾਂ (ਪਿਕਾਰਸੈਕਾਂ), ਸਾਰਣੀਆਂ, ਬਰੋਸ਼ਰ, ਕਥਾ-ਬਿਰਤਾਂਤ ਆਦਿ ਵਿਧਾਵਾਂ ਦੇ ਰਚਨਾਤਮਕ ਮੋਟਿਫ਼ ਸ਼ਾਮਿਲ ਹੁੰਦੇ ਹਨ। ਸਫ਼ਰ ਦੇ ਬਿਰਤਾਂਤ ਵਿਚ ਸਥਾਨਾਂ, ਵਿਅਕਤੀਆਂ, ਸਮਾਜਾਂ, ਸੰਸਕ੍ਰਿਤੀਆਂ, ਰਾਜਨੀਤਕ ਬਣਤਰਾਂ, ਘਟਨਾਵਾਂ ਦੇ ਉਹ ਵੇਰਵੇ ਲਿਖੇ ਜਾਂਦੇ ਹਨ ਜੋ ਯਾਤਰੂ ਦੇ ਸਿੱਧੇ ਅਨੁਭਵ ਵਿਚ ਆਉਂਦੇ ਹਨ। ਇਸ ਲਈ ਇਹ ਯਾਤਰਾ ਦੇ ਬਾਹਰਮੁਖੀ ਪਾਸਾਰ ਨਾਲੋਂ ਯਾਤਰਾ ਦੇ ਅੰਤਰਮੁਖੀ ਅਨੁਭਵ ਨੂੰ ਉਲੀਕਣ ਵਾਲੀ ਵਿਧਾ ਹੈ। ਇਸੇ ਲਈ ਯਾਤਰਾ ਦੇ ਉਹ ਬਿਓਰੇ ਸਫ਼ਰਨਾਮੇ ਵਿਚ ਕੇਂਦਰੀ ਮਹੱਤਵ ਰੱਖਦੇ ਹਨ, ਜਿਨ੍ਹਾਂ ਨੂੰ ਲੇਖਕ ਆਪਣੀ ਸੰਵੇਦਨਾ, ਭਾਵਨਾ ਅਤੇ ਨਿੱਜ ਦੇ ਹੋਰ ਪਾਸਾਰਾਂ ਨਾਲ ਮਿਲਾ ਕੇ ਬਿਆਨਦਾ ਹੈ। ਇਸ ਲਈ ਸਫ਼ਰਨਾਮੇ ਵਿਚ ਯਾਤਰੂ ਦੇ ਅਨੁਭਵ ਦੇ ਪ੍ਰਸੰਗ ਵਿਚ ਕਿਸੇ ਅਣਗਾਹੀ ਰਹਿ ਗਈ ਜਾਂ ਬੇਗਾਨੀ ਥਾਂ ਦਾ ਸਰਬਪੱਖੀ, ਮੁਕੰਮਲ ਬਿਓਰਾ ਨਹੀਂ ਹੁੰਦਾ। ਸਫ਼ਰਨਾਮੇ ਵਿਚ ਸਿਰਫ਼ ਉਨ੍ਹਾਂ ਥਾਵਾਂ, ਦ੍ਰਿਸ਼, ਵਿਅਕਤੀ ਤੇ ਵਰਤਾਰਿਆਂ ਦਾ ਬਿਰਤਾਂਤ ਹੁੰਦਾ ਹੈ ਜਿਹੜੇ ਯਾਤਰੂ ਦੀਆਂ ਰੁਚੀਆਂ, ਖਿੱਚਾਂ, ਸਮਰੱਥਾਵਾਂ ਤੇ ਸੰਭਾਵਨਾਵਾਂ ਦੇ ਦਾਇਰੇ ਵਿਚ ਆਉਂਦੇ ਹਨ। ਇਸ ਲਈ ਸਫ਼ਰਨਾਮੇ ਭਾਵੇਂ ਵੱਖ-ਵੱਖ ਥਾਵਾਂ ਬਾਰੇ ਹੁੰਦੇ ਹਨ ਪਰ ਉਹ ਅਸਲ ਵਿਚ ਯਾਤਰੂ ਲੇਖਕ ਦੇ ਪਰਿਪੇਖ ਬਾਰੇ ਵੱਧ ਹੁੰਦੇ ਹਨ। ਇਸ ਲਿਹਾਜ਼ ਨਾਲ ਸਫ਼ਰਨਾਮੇ ਵਿਚ ਪਾਠਕ ਨੂੰ ਕਿਸੇ ਸਥਾਨਾਂ, ਵਿਅਕਤੀ, ਘਟਨਾ ਜਾਂ ਵਰਤਾਰੇ ਦੇ ਬਾਹਰਮੁਖੀ ਚਿੱਤਰ ਦੀ ਥਾਂ ਲੇਖਕ ਦੇ ਪਰਿਪੇਖ ਜਾਂ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਬਿੰਬਕਾਰੀ ਹਾਸਿਲ ਹੁੰਦੀ ਹੈ। ਸੋ ਸਫ਼ਰਨਾਮੇ ਵਿਚ ਸਿਰਜਿਤ ਬਿੰਬ ਵਿਚ ਬਿਰਤਾਂਤ-ਅਧੀਨ ਸਥਾਨ ਦਾ ਚਿੱਤਰ ਅਤੇ ਇਸ ਚਿੱਤਰ ਨੂੰ ਪੇਸ਼ ਕਰਨ ਵਾਲੇ ਯਾਤਰੂ ਲੇਖਕ ਦਾ ਪਰਿਪੇਖ ਸੰਜੁਗਤ ਰੂਪ ਵਿਚ ਮੌਜੂਦ ਹੁੰਦੇ ਹਨ। ਇਸ ਲਈ ਜਦੋਂ ਸਫ਼ਰਨਾਮੇ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਸ ਵਿਚ ਯਾਤਰੂ ਦੇ ਅਨੁਭਵ ਵਿਚ ਆਏ ਸਥਾਨਾ ਦੇ ਬਾਹਰਮੁਖੀ ਮਹੱਤਵ ਦੀ ਥਾਂ ਇਸ ਗੱਲ ਉੱਤੇ ਧਿਆਨ ਕੇਂਦਰਿਤ ਹੋਣਾ ਚਾਹੀਦਾ ਹੈ ਕਿ ਵੱਖ-ਵੱਖ ਥਾਵਾਂ ਜਾਂ ਸਥਿਤੀਆਂ ਲੇਖਕ ਨੂੰ ਕਿਵੇਂ ਦੀਆਂ ਦਿਖਦੀਆਂ ਹਨ ਅਤੇ ਉਹ ਉਨ੍ਹਾਂ ਨੂੰ ਕਿਵੇਂ ਦੀਆਂ ਦਿਖਾਉਣਾ ਚਾਹੁੰਦਾ ਹੈ। ਉਹ ਯਾਤਰਾ ਸਥਾਨ ਦੇ ਲੋਕਾਂ ਦੇ ਵਤੀਰੇ ਤੇ ਕਿਰਦਾਰ ਨੂੰ ਕਿਸ ਜ਼ਾਵੀਏ ਤੋਂ ਦੇਖਦਾ ਹੈ ਤੇ ਕਿਸ ਤਰ੍ਹਾਂ ਦਾ ਦਿਖਾਉਣਾ ਚਾਹੁੰਦਾ ਹੈ।

ਸਫ਼ਰਨਾਮਾ ਉਨ੍ਹਾਂ ਥਾਵਾਂ ਦੀ ਯਾਤਰਾ ਦਾ ਬਿਰਤਾਂਤ ਹੁੰਦਾ ਹੈ ਜਿਹੜੀਆਂ ਨਾ ਸਿਰਫ਼ ਯਾਤਰੂ ਲਈ ਓਪਰੀਆਂ ਤੇ ਨਵੀਆਂ ਹੁੰਦੀਆਂ ਹਨ ਸਗੋਂ ਉਹ ਕਿਸੇ ਭਾਸ਼ਾਈ ਸਮੂਹ ਦੇ ਪਾਠਕ ਵਰਗ ਲਈ ਵੀ ਓਪਰੀਆਂ ਤੇ ਬੇਗਾਨੀਆਂ ਹੁੰਦੀਆਂ ਹਨ। ਇਸ ਲਈ ਇਹ ਸੁਭਾਵਿਕ ਹੈ ਕਿ ਇਹ ਬੇਗਾਨਾਪਣ ਲੇਖਕ ਦੇ ਪਰਿਪੇਖ ਨੂੰ ਪ੍ਰਭਾਵਿਤ ਕਰਨ ਵਾਲਾ ਫ਼ੈਸਲਾਕੁਨ ਕਾਰਕ ਹੁੰਦਾ ਹੈ। ਇਸ ਲਈ ਜਦੋਂ ਅਸੀਂ ਯਾਤਰੂ ਲੇਖਕ ਦੇ ਦ੍ਰਿਸ਼ਟੀ-ਪਰਿਪੇਖ ਦੀ ਗੱਲ ਕਰਦੇ ਹਾਂ ਤਾਂ ਇਹ ਮਹਿਜ ਉਸ ਦਾ ਵਿਅਕਤੀਗਤ ਪਰਿਪੇਖ ਨਹੀਂ ਰਹਿੰਦਾ। ਯਾਤਰੂ ਲੇਖਕ ਦਾ ਸਵੈ ਵੀ ਕਿਸੇ ਵਿਸ਼ੇਸ਼ ਸੰਸਕ੍ਰਿਤਕ ਅਨੁਭਵ ਦੁਆਰਾ ਸੰਰਚਿਤ ਹੁੰਦਾ ਹੈ। ਕੋਈ ਵੀ ਸਵੈ ਵਿਅਕਤੀ ਦੇ ਨਿੱਜੀ ਸੰਵੇਦਨਾਤਮਕ ਅਨੁਭਵ ਦੀ ਸਿਰਜਣਾ ਹੀ ਨਹੀਂ ਹੁੰਦਾ ਸਗੋਂ ਉਸ ਦੇ ਸਵੈ ਵਿਚ ਬਹੁਤ ਕੁੱਝ ਉਸ ਦੇ ਜਨਮ ਤੋਂ ਪਹਿਲਾਂ ਦੇ ਇਤਿਹਾਸਕ ਅਤੇ ਸਾਂਸਕ੍ਰਿਤਕ ਅਨੁਭਵਾਂ ਵਿਚੋਂ ਸ਼ਾਮਿਲ ਹੋ ਜਾਂਦਾ ਹੈ। ਕਿਸੇ ਵਿਕਅਤੀਗਤ-ਸਵੈ ਦੀਆਂ ਮਾਨਤਾਵਾਂ ਵਿਚ ਬਹੁਤ ਸਾਰੀਆਂ ਉਹ ਮਾਨਤਾਵਾਂ ਸ਼ਾਮਿਲ ਹੁੰਦੀਆਂ ਹਨ, ਜਿਨ੍ਹਾਂ ਨੂੰ ਉਸ ਸਵੈ ਦਾ ਪ੍ਰਤੱਖ ਵਿਅਕਤੀਗਤ ਅਨੁਭਵ ਤਾਂ ਤਸਦੀਕ ਨਹੀਂ ਕਰਦਾ ਪਰ ਵਿਆਪਕ ਸਾਂਸਕ੍ਰਿਤਕ ਮਾਨਤਾ ਕਾਰਣ ਸਵੈ ਦੀ ਘਾੜਤ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦੀਆਂ ਹਨ। ਇਸ ਤਰ੍ਹਾਂ ਸਵੈ ਕੋਈ ਆਜ਼ਾਦ, ਨਿਰਪੇਖ, ਸ਼ੁੱਧ ਜਾਂ ਇਕਹਿਰੀ ਹੋਂਦ ਨਹੀਂ ਹੁੰਦਾ ਸਗੋਂ ਬਹੁਤ ਸਾਰੇ ਪ੍ਰਵਚਨਾਂ ਅਤੇ ਬਿਰਤਾਂਤਾਂ ਦਾ ਮਿਲਣ ਬਿੰਦੂ ਹੁੰਦਾ ਹੈ। ਇਸ ਲਈ ਕਿਸੇ ਵਿਅਕਤੀਗਤ-ਸਵੈ ਦਾ ਵਜੂਦ ਨਿਰੰਤਰ ਤਰਲ ਅਤੇ ਗਤੀਸ਼ੀਲ ਰਹਿੰਦਾ ਹੈ। ਭਾਵੇਂ ਕਿਸੇ ਵਿਅਕਤੀ ਦਾ ਜਮਾਤੀ ਅਤੇ ਜਾਤੀ ਪਿਛੋਕੜ ਸ਼ਖ਼ਸੀਅਤ ਦੀ ਸਿਰਜਣਾ ਵਿਚ ਫ਼ੈਸਲਾਕੁਨ ਭੂਮਿਕਾ ਅਦਾ ਕਰਦਾ ਹੈ ਪਰ ਹੋਰ ਬਹੁਤ ਸਾਰੇ ਸਾਂਸਕ੍ਰਿਤਕ ਤੇ ਇਤਿਹਾਸਕ ਕਾਰਕ ਸ਼ਖ਼ਸੀਅਤ ਨੂੰ ਡੋਲਣ ਵਿਚ ਆਪੋ ਆਪਣੀ ਭੂਮਿਕਾ ਅਦਾ ਕਰਦੇ ਰਹਿੰਦੇ ਹਨ। ਇਨ੍ਹਾਂ ਕਾਰਕਾਂ ਦੀ ਸ਼ਮੂਲੀਅਤ ਨਾਲ ਹੀ ਕਿਸੇ ਸਵੈ ਦੀ ਵਿਅਕਤੀਗਤ ਹੋਂਦ ਸਾਕਾਰ ਹੁੰਦੀ ਹੈ। ਇਸ ਤਰ੍ਹਾਂ ਲੇਖਕ ਦਾ ਸਵੈ ਵਿਅਕਤੀਗਤ ਅਨੁਭਵਾਂ ਅਤੇ ਸਾਂਸਕ੍ਰਿਤਕ-ਇਤਿਹਾਸਕ ਪ੍ਰਵਚਨਾਂ ਨਾਲ ਦਵੰਦਾਤਮਕ ਪ੍ਰਕਿਰਿਆ ਵਿਚੋਂ ਸਾਕਾਰ ਹੁੰਦਾ ਹੈ। ਸਮਾਜਿਕ ਧਰਾਤਲ ਉੱਤੇ ਵਿਚਰ ਰਿਹਾ ਵਿਅਕਤੀ ਸਾਂਸਕ੍ਰਿਤੀ ਦੀ ਸਿਰਜਣਾ ਵਜੋਂ ਕਾਰਜ ਕਰ ਰਿਹਾ ਹੁੰਦਾ ਹੈ। ਇਸ ਲਈ ਕਿਸੇ ਵੀ ਸਿਰਜਣਾਤਮਕ ਲੇਖਕ ਦੇ ਸਾਹਿਤਕ


ISSN : 2395-1273

ਉਚਾਰਾਂ ਵਿਚੋਂ ਜਿੱਥੇ ਉਸ ਦਾ ਵਿਅਕਤੀਤਵ ਬੋਲਦਾ ਹੈ ਉੱਥੇ ਉਹ ਸੰਸਕ੍ਰਿਤੀ ਵੀ ਅਭਿਵਿਅਕਤ ਹੁੰਦੀ ਹੈ ਜਿਸ ਸੰਸਕ੍ਰਿਤੀ ਵਿਚੋਂ ਲੇਖਕ ਦਾ ਵਿਅਕਤਿਤਵ ਘੜਿਆ ਗਿਆ ਹੁੰਦਾ ਹੈ। ਇਸ ਰੂਪ ਵਿਚ ਸਫ਼ਰਨਾਮਾ ਦੋ ਸੰਸਕ੍ਰਿਤੀਆਂ ਜਾਂ ਉਨ੍ਹਾਂ ਸੰਸਕ੍ਰਿਤੀਆਂ ਦੇ ਵੱਖਰੇ ਅਨੁਭਵ ਵਿਚੋਂ ਪੈਦਾ ਹੋਏ ਪਰਿਪੇਖਾਂ ਦਾ ਸੰਵਾਦ ਹੁੰਦਾ ਹੈ। ਇਸ ਲਈ ਜਦੋਂ ਅਸੀਂ ਸਫ਼ਰਨਾਮੇ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹ ਧਿਆਨ ਵਿਚ ਰੱਖਣਾ ਲੋੜੀਂਦਾ ਹੈ ਕਿ ਉਸ ਵਿਚ ਵਿਅਕਤੀਗਤ ਸਵੈ ਅਤੇ ਉਸ ਦੇ ਨਿੱਜੀ ਅਨੁਭਵਾਂ ਵਿਚੋਂ ਸਿਰਜੀਆਂ ਯਾਦਾਂ ਦੇ ਨਾਲ-ਨਾਲ ਸਮੂਹਕ ਸੰਸਕ੍ਰਿਤਕ ਅਨੁਭਵ ਵਿਚੋਂ ਉਗਮੀਆਂ ਇਤਿਹਾਸਕ-ਸਾਂਸਕ੍ਰਤਿਕ ਯਾਦਾਂ ਮਿਲਵੇਂ ਰੂਪ ਵਿਚ ਸਫ਼ਰਨਾਮਾ ਲੇਖਕ ਦੇ ਦ੍ਰਿਸ਼ਟੀ-ਪਰਿਪੇਖ ਨੂੰ ਸਿਰਜਦੀਆਂ ਹਨ। ਇਸ ਦ੍ਰਿਸ਼ਟੀ ਪਰਿਪੇਖ ਤੋਂ ਹੀ ਉਹ ਯਾਤਰਾ ਅਨੁਭਵਾਂ ਨੂੰ ਲਿਖਦਾ ਹੈ।

ਸਫ਼ਰਨਾਮਾ ਲਿਖਤਾਂ ਦਾ ਵਿਸ਼ਲੇਸ਼ਣ ਕਰਦਿਆਂ ਇਕ ਹੋਰ ਕਾਰਕ ਵੀ ਧਿਆਨ ਮੰਗਦਾ ਹੈ। ਉਹ ਕਾਰਕ ਬੇਗਾਨੇਪਨ ਵਿਚੋਂ ਉਗਮੇ ਪਰਿਪੇਖ ਨਾਲ ਸੰਬੰਧਿਤ ਹੈ। ਇਹ ਬੇਗਾਨਾਪਣ ਦੋ ਤਰ੍ਹਾਂ ਦੇ ਚਿੱਤਰਾਂ ਦੀ ਉਸਾਰੀ ਦਾ ਕਾਰਣ ਬਣ ਸਕਦਾ ਹੈ। ਇਕ ਤਾਂ ਇਸ ਰਾਹੀਂ ਆਮ ਕਰਕੇ ਕਿਸੇ ਸਮਾਜ ਤੇ ਸਭਿਆਚਾਰ ਦੇ ਜੀਵਨ ਦੇ ਅਪ੍ਰਤੱਖ ਰਹਿੰਦੇ ਉਹ ਪਹਿਲੂ ਪ੍ਰਗਟ ਹੋ ਸਕਦੇ ਹਨ ਜਿਹੜੇ ਸਥਾਨਕ ਵਸਨੀਕਾਂ ਨੂੰ ਦ੍ਰਿਸ਼ਟੀ ਦੀ ਗੇਝ ਕਾਰਣ ਨਜ਼ਰ ਨਹੀਂ ਆਉਂਦੇ ਅਤੇ ਦੂਜੇ ਇਸ ਵਿਚ ਪ੍ਰਸਤੁਤ ਜੀਵਨ-ਚਿੱਤਰ ਵਿਚ ਹਿਕਾਰਤ ਦੀ ਖੋਟ ਵੀ ਸ਼ਾਮਿਲ ਹੋ ਸਕਦੀ ਹੈ। ਬੇਗਾਨੀਆਂ ਧਰਤੀਆਂ ਦੇ ਸਫ਼ਰ ਉੱਤੇ ਨਿੱਕਲਿਆ ਅਜਨਬੀ ਬੰਦਾ ਕਿਸੇ ਵਿਸ਼ੇਸ਼ ਸਥਾਨ ਦੀਆਂ ਸਥਿਤੀਆਂ ਨੂੰ ਬੇਗਾਨੇ ਪਰ ਇਕ ਤਾਜ਼ਾਤਰੀਨ ਪਰਿਪੇਖ ਤੋਂ ਵੀ ਦੇਖ ਸਕਦਾ ਹੈ। ਇਸ ਪੱਖੋਂ ਉਹ ਅਜਿਹਾ ਕੁੱਝ ਦੇਖ ਸਕਦਾ ਹੈ ਜੋ ਮਹੱਤਵਪੂਰਣ ਹੋਣ ਦੇ ਬਾਵਜੂਦ ਉਸ ਸਥਾਨ ਦੇ ਆਮ ਵਸਨੀਕਾਂ ਦੀ ਦ੍ਰਿਸ਼ਟੀ ਤੋਂ ਓਹਲੇ ਲੁਕਿਆ ਰਹਿੰਦਾ ਹੈ। ਲੋਕ ਆਪਣੇ ਆਲੇ-ਦੁਆਲੇ ਦੇ ਅਭਿਆਸੀ ਹੋਏ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਬਹੁਤ ਕੁੱਝ ਅੱਖਾਂ ਦੇ ਸਾਹਮਣੇ ਹੋਣ ਦੇ ਬਾਵਜੂਦ ਨਹੀਂ ਦਿਖਦਾ ਜਾਂ ਦਰਸਾਉਣਯੋਗ ਪ੍ਰਤੀਤ ਨਹੀਂ ਹੁੰਦਾ। ਇਸ ਨੂੰ ਸਮਝਣ ਲਈ ਸਮੁੰਦਰ ਕੰਢੇ ਵੱਸਦੇ ਲੋਕਾਂ ਦੀ ਉਦਾਹਰਣ ਲਈ ਜਾ ਸਕਦੀ ਹੈ ਜਿਹਨਾਂ ਨੂੰ ਸਮੁੰਦਰੀ ਲਹਿਰਾਂ ਦੀ ਆਵਾਜ਼ ਸੁਣਨੀ ਬੰਦ ਹੋ ਜਾਂਦੀ ਹੈ, ਜਿਸ ਤਰ੍ਹਾਂ ਰੇਲ ਪੱਟੜੀ ਕੋਲ ਰਹਿੰਦੇ ਲੋਕਾਂ ਨੂੰ ਰੇਲ ਦੇ ਲੰਘਣ ਸਮੇਂ ਹੁੰਦੀ ਆਵਾਜ਼ ਸੁਣਨੀ ਬੰਦ ਹੋ ਜਾਂਦੀ ਹੈ। ਪਹਾੜਾਂ ਦੀ ਖ਼ੂਬਸੂਰਤੀ ਦੇ ਕਸੀਦੇ ਅਕਸਰ ਗ਼ੈਰ-ਪਹਾੜੀ ਲੋਕਾਂ ਵੱਲੋਂ ਗਾਏ ਜਾਂਦੇ ਹਨ, ਪਹਾੜੀ ਲੋਕਾਂ ਲਈ ਇਹ ਖ਼ੂਬਸੂਰਤੀ ਉਨ੍ਹਾਂ ਦੇ ਜੀਵਨ ਦਾ ਸਹਿਜ ਅੰਗ ਹੁੰਦੀ ਹੈ। ਇਸ ਸਥਿਤੀ ਵਿਚ ਸਫ਼ਰਨਾਮਾਕਾਰ ਕਿਸੇ ਵੱਖਰੇ ਸਮਾਜ ਦੇ ਵਰਤਾਰਿਆਂ ਨੂੰ ਬੇਗਾਨੇ ਪਰਿਪੇਖ ਅਤੇ ਤਾਜ਼ਾਤਰੀਨ ਨਜ਼ਰ ਨਾਲ ਦੇਖਦਾ ਹੈ। ਇਸ ਪ੍ਰਕਾਰ ਕੋਈ ਸਫ਼ਰਨਾਮਾ ਲਿਖਤ ਕਿਸੇ ਵਿਸ਼ੇਸ਼ ਸਮੇਂ ਤੇ ਸਥਾਨ ਉੱਤੇ ਮੌਜੂਦ ਸਮਾਜ ਤੇ ਸਭਿਆਚਾਰ ਦਾ ਅਜਿਹਾ ਦਸਤਾਵੇਜ਼ ਵੀ ਹੁੰਦੀ ਹੈ, ਜਿਸ ਵਿਚ ਸਥਾਨਕ ਜੀਵਨ ਦੇ ਉਹ ਪਹਿਲੂ ਨਸ਼ਰ ਹੋ ਜਾਂਦੇ ਹਨ ਜਿਹੜੇ ਆਮ ਕਰਕੇ ਸਥਾਨਕ ਲੋਕਾਂ ਦੀਆਂ ਨਜ਼ਰਾਂ ਤੋਂ ਓਹਲੇ ਲੁਕੇ ਹੁੰਦੇ ਹਨ। ਇੰਝ ਸਫ਼ਰਨਾਮਾ ਲਿਖਤਾਂ ਬੇਗਾਨੇਪਨ ਵਿਚੋਂ ਨਿੱਕਲਦੇ ਪਰਿਪੇਖ ਦੀਆਂ ਸੀਮਾਵਾਂ ਦੇ ਬਾਵਜੂਦ ਕਿਸੇ ਵਿਸ਼ੇਸ਼ ਭੂ-ਖੰਡ ਦੇ ਸਭਿਆਚਾਰ ਤੇ ਸਮਾਜ ਦੀਆਂ ਬਣਤਰਾਂ ਤੇ ਉਨ੍ਹਾਂ ਦੇ ਇਤਿਹਾਸ ਨੂੰ ਸਮਝਣ ਲਈ ਸਹਾਇਕ-ਦਸਤਾਵੇਜ਼ ਵੀ ਹੁੰਦੀਆਂ ਹਨ। ਇਸ ਲਈ ਸਥਾਨ ਦੇ ਇਸ ਲਈ ਬੇਗਾਨਾਪਣ ਸਿਰਫ਼ ਅਪ੍ਰਮਾਣਿਕ ਜਾਣਕਾਰੀ ਦਾ ਸਰੋਤ ਨਹੀਂ ਸਗੋਂ ਵਿੱਥ ਤੋਂ ਵਰਤਾਰਿਆਂ ਨੂੰ ਦੇਖਣ ਦੀ ਜੁਗਤ ਦਾ ਉਗਮਣ ਬਿੰਦੂ ਵੀ ਹੈ। ਇਸ ਲਈ ਸਫ਼ਰਨਾਮਾ ਦਾ ਵਿਸ਼ਲੇਸ਼ਣ ਕਰਦਿਆਂ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸਫ਼ਰ ਦੇ ਬਿਰਤਾਂਤਣ ਵਿਚ ਬੇਗਾਨੇਪਣ ਦੀ ਦਖ਼ਲਅੰਦਾਜ਼ੀ ਹੈ। ਦੂਜੀ ਕਿਸਮ ਦੀ ਦਖ਼ਲਅੰਦਾਜ਼ੀ ਦੀ ਉਦਾਹਰਣ ਬਸਤੀਵਾਦੀ ਜ਼ਾਵੀਏ ਤੋਂ ਲਿਖੇ ਗਏ ਯਾਤਰਾ ਬਿਰਤਾਂਤਾਂ ਵਿਚੋਂ ਲਈ ਜਾ ਸਕਦੀ ਹੈ। ਅਖੌਤੀ ਵਿਕਸਿਤ ਮੁਲਕਾਂ ਅਤੇ ਅਖੌਤੀ ਉੱਚ-ਸਭਿਆਚਾਰ ਨਾਲ ਸੰਬੰਧਿਤ ਹੋਣ ਦਾ ਦਾਅਵਾ ਕਰਦੇ ਮੁਸਾਫ਼ਰਾਂ ਦੇ ਸਫ਼ਰਨਾਮਿਆਂ ਵਿਚ ਬਸਤੀਆਂ ਬਣਾਏ ਗਏ ਜਾਂ ਅਵਿਕਸਿਤ ਐਲਾਨੇ ਗਏ ਮੁਲਕਾਂ ਤੇ ਸਮਾਜਾਂ ਦੀਆਂ ਯਾਤਰਾਵਾਂ ਦੇ ਬਿਰਤਾਂਤ ਲਿਖਦਿਆਂ ਇਸ ਕਿਸਮ ਦਾ ਜ਼ਾਵੀਆ ਅਪਣਾਇਆ ਜਾ ਸਕਦਾ ਹੈ। 18ਵੀਂ ਸਦੀ ਵਿਚ ਜਦੋਂ ਅੰਗਰੇਜ਼ ਯਾਤਰੂ ਭਾਰਤ ਤੇ ਵਿਸ਼ੇਸ਼ਕਰ ਪੰਜਾਬ ਵਿਚ ਆਏ ਤਾਂ ਉਨ੍ਹਾਂ ਦੀਆਂ ਨਜ਼ਰਾਂ ਰਾਹੀਂ ਦੇਖਿਆ ਗਿਆ ਪੰਜਾਬ ਉਸ ਸਮੇਂ ਦੇ ਪੰਜਾਬ ਦਾ ਇਤਿਹਾਸਕ ਦਸਤਾਵੇਜ਼ ਵੀ ਹੈ ਅਤੇ ਬਰਤਾਨਵੀ ਬਸਤੀਵਾਦੀ ਦ੍ਰਿਸ਼ਟੀਕੋਣ ਦਾ ਮਜ਼ਮੂਆਂ ਵੀ। ਉਨ੍ਹਾਂ ਦੀਆਂ ਯਾਤਰਾ-ਲਿਖਤਾਂ ਵਿਚ ਸਮਾਕਾਲੀ ਪੰਜਾਬੀ ਸਮਾਜ ਦੇ ਉਹ ਪਹਿਲੂ ਵੀ ਸੰਭਾਲੇ ਗਏ ਹਨ, ਜਿਨ੍ਹਾਂ ਨੂੰ ਅਸੀਂ ਬਹੁਤਾ ਮਹੱਤਵ ਨਾ ਦੇਣ ਕਰਕੇ ਵਿਸਾਰ ਦਿੱਤਾ ਜਾਂ ਖ਼ੁਦ ਆਪਣੀਆਂ ਲਿਖਤਾਂ ਵਿਚ ਰਿਕਾਰਡ ਨਹੀਂ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਦੀਆਂ ਲਿਖਤਾਂ ਵਿਚ ਕੁੱਝ ਵਤੀਰਿਆਂ ਤੇ ਵਰਤਾਰਿਆਂ ਨੂੰ ਦੇਖ ਕੇ ਹੈਰਾਨੀ ਪ੍ਰਗਟਾਉਣ ਦੇ ਨਾਲ-ਨਾਲ ਉਨ੍ਹਾਂ ਬਾਰੇ ਇਕ ਮੁੱਲਗਤ ਨਿਰਣਾ ਵੀ ਦਰਜ ਕੀਤਾ ਜਾਂਦਾ ਹੈ, ਜਿਸ ਅਨੁਸਾਰ ਬਹੁਤ ਸਾਰੇ ਵਤੀਰਿਆਂ, ਵਿਹਾਰਾਂ ਤੇ ਵਰਤਾਰਿਆਂ ਨੂੰ ਨਿਮਨ ਪੱਧਰ ਦਾ,

ਅਸਭਿਅਕ ਜਾਂ ਪੱਛੜਿਆ ਹੋਇਆ ਗਰਦਾਨ ਦਿੱਤਾ ਗਿਆ ਹੈ। ਸੋ ਸਫ਼ਰਨਾਮਾ ਲਿਖਤਾਂ ਦੀ ਪੜ੍ਹਤ ਤਿਆਰ ਕਰਦਿਆਂ ਮੇਜ਼ਬਾਨ ਸਮਾਜਾਂ ਤੇ ਸਭਿਆਚਾਰਾਂ ਦੇ ਸ਼ਾਬਦਿਕ ਬਿੰਬਾਂ ਨੂੰ ਬਾਹਰਮੁਖੀ ਤੱਥਗਤ ਵਰਤਾਰੇ ਮੰਨਣ ਦੀ ਥਾਂ ਯਾਤਰਾ-ਲਿਖਤਾਂ ਵਿਚ ਸਮੋਏ ਹੋਏ ਬੇਗਾਨੇਪਨ ਦੇ ਪਰਿਪੇਖ ਅਤੇ ਉਸ ਦੀਆਂ ਸੰਭਾਵੀ ਕਿਸਮਾਂ ਨੂੰ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ।

ਸਫ਼ਰਨਾਮਾ ਅਸਲ ਵਿਚ ਮੁਸਾਫ਼ਰੀ ਦੇ ਜਨੂੰਨ ਵਿਚੋਂ ਪੈਦਾ ਹੋਣ ਵਾਲੀ ਵਿਧਾ ਹੈ ਪਰ ਪੰਜਾਬੀ ਦੇ ਬਹੁਤੇ ਸਫ਼ਰਨਾਮੇ ਜਨੂੰਨੀ ਮੁਸਾਫ਼ਰਾਂ ਦੇ ਨਹੀਂ ਲਿਖੇ ਹੋਏ। ਸਾਡੇ ਬਹੁਤੇ ਸਫ਼ਰਨਾਮੇ ਉਨ੍ਹਾਂ ਵਿਅਕਤੀਆਂ ਦੁਆਰਾ ਸਿਰਜੇ ਯਾਤਰਾ ਬਿਰਤਾਂਤ ਹਨ ਜਿਹੜੇ ਬੇਗਾਨੀਆਂ ਧਰਤੀਆਂ ਉੱਤੇ ਸਿਰਫ਼ ਯਾਤਰਾ ਦੇ ਮਕਸਦ ਨਾਲ ਨਹੀਂ ਗਏ ਸਗੋਂ ਉਹ ਕਿਸੇ ਹੋਰ ਮਕਸਦ ਲਈ ਉਨ੍ਹਾਂ ਨੂੰ ਯਾਤਰਾ ਕਰਨੀ ਪਈ। ਆਧੁਨਿਕ ਸਮਿਆਂ ਵਿਚ ਸਫ਼ਰ ਲਈ ਸਫ਼ਰ ਕਰਨਾ ਪੰਜਾਬੀਆਂ ਦੇ ਬਹੁਤਾ ਹਿੱਸੇ ਨਹੀਂ ਆਇਆ। ਪ੍ਰਮਾਣਿਕ ਰੂਪ ਵਿਚ ਉਹ ਯਾਤਰਾ ਬਿਰਤਾਂਤ ਸਫ਼ਰਨਾਮਾ ਦੇ ਦਾਇਰੇ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਯਾਤਰਾ ਵਾਸਤੇ ਯਾਤਰਾ ਦੇ ਬਿਰਤਾਂਤਕ ਪ੍ਰਗਟਾਵੇ ਸਾਕਾਰ ਹੁੰਦੇ ਹਨ। ਭਾਵ ਜਦੋਂ ਕੋਈ ਯਾਤਰੂ ਸਿਰਫ਼ ਘੁੰਮਣ ਫ਼ਿਰਨ ਦੇ ਸ਼ੌਕ ਨਾਲ ਆਣਗਾਹੀਆਂ ਥਾਵਾਂ ਉਤੇ ਜਾਣ ਲਈ ਯਾਤਰਾ ਕਰਦਾ ਹੈ ਤੇ ਉਸ ਦੌਰਾਨ ਆਪਣੇ ਅਨੁਭਵਾਂ ਨੂੰ ਕਲਮਬੱਧ ਕਰਦਾ ਹੈ ਤਾਂ ਅਜਿਹੀ ਲਿਖਤ ਸਫ਼ਰਨਾਮੇ ਦੇ ਪਰਿਭਾਸ਼ਕ ਦਾਇਰੇ ਵਿਚ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਸਫ਼ਰਨਾਮੇ ਪੰਜਾਬੀ ਵਿਚ ਮੁਕਾਬਲਤ ਘੱਟ ਹਨ। ਵਿਦੇਸ਼ਾਂ ਦੇ ਅਜਿਹੇ ਸਫ਼ਰਾਂ ਦਾ ਬਿਰਤਾਂਤ ਮਨਮੋਹਨ ਬਾਵਾ ਦੇ ਯਾਤਰਾ ਬਿਰਤਾਂਤ 20000 ਮੀਲ ਦੀ ਦੇਸ਼ ਕਾਲ ਯਾਤਰਾ (2013) ਵਿਚ ਉਪਲਬਧ ਹੈ। ਮੂਲ ਰੂਪ ਵਿਚ ਹਿੰਦੀ ਵਿਚ ਲਿਖੀਆਂ ਤੇ ਪੰਜਾਬੀ ਵਿਚ ਅਨੁਵਾਦ ਹੋਈਆਂ ਅਨੁਰਾਧਾ ਬੇਨੀਵਾਲ ਦੀਆਂ ਯਾਤਰਾ ਲਿਖਤਾਂ (ਆਜ਼ਾਦੀ ਮੇਰਾ ਬਰਾਂਡ ਅਤੇ ਲੋਕ ਜੋ ਮੇਰੇ ਵਿਚ ਰਹਿ ਗਏ) ਵੀ ਇਸ ਵਰਗ ਵਿਚ ਆਉਂਦੀਆਂ ਹਨ। ਇਸ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਖਿੱਤਿਆਂ ਦੀਆਂ ਯਾਤਰਾਵਾਂ ਬਾਰੇ ਲਿਖੇ ਗਏ ਪਿਆਰਾ ਸਿੰਘ ਦਾਤਾ ਤੇ ਹੋਰਾਂ ਦੇ ਯਾਤਰਾ ਬਿਰਤਾਂਤ ਵੀ ਸਫ਼ਰ ਵਾਸਤੇ ਕੀਤੇ ਸਫ਼ਰ ਦੇ ਬਿਰਤਾਂਤ ਹਨ। ਵਿਦੇਸ਼ ਯਾਤਰਾ ਬਾਰੇ ਪੰਜਾਬੀ ਵਿਚ ਲਿਖੇ ਗਏ ਯਾਤਰਾ ਬਿਰਤਾਂਤ ਇਸ ਪੱਖੋਂ ਵੱਖਰੀ ਵੰਨਗੀ ਦੇ ਸਫ਼ਰਨਾਮੇ ਹਨ ਕਿਉਂਕਿ ਉਹ ਯਾਤਰਾ ਵਾਸਤੇ ਕੀਤੀ ਯਾਤਰਾ ਦੀ ਬਜਾਏ ਕਿਸੇ ਹੋਰ ਮਕਸਦ ਲਈ ਕੀਤੀ ਯਾਤਰਾ ਦਾ ਉਪ-ਉਤਪਾਦਨ ਹਨ। ਲਾਲ ਸਿੰਘ ਕਮਲਾ ਅਕਾਲੀ (ਮੇਰਾ ਵਿਲਾਇਤੀ ਸਫ਼ਰਨਾਮਾ-1931) ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ (ਦੁਨੀਆਂ ਇਕ ਮਹਿਲ ਹੈ-1961) ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ ਤਾਂ ਉਸ ਸਮੇਂ ਦੌਰਾਨ ਵਿਦੇਸ਼ੀ ਧਰਤੀਆਂ ਬਾਰੇ ਆਪਣੇ ਅਨੁਭਵਾਂ ਨੂੰ ਅੰਕਿਤ ਕਰਦੇ ਹਨ। ਇਸੇ ਤਰ੍ਹਾਂ ਬਲਰਾਜ ਸਾਹਨੀ ਦਾ 'ਮੇਰਾ ਰੂਸੀ ਸਫ਼ਰਨਾਮਾ' (1969), ਹਰਭਜਨ ਹਲਵਾਰਵੀ ਦਾ 'ਚੀਨ ਵਿਚ ਕੁੱਝ ਦਿਨ' (1986) ਤਾਰਾ ਸਿੰਘ ਸੰਧੂ ਦਾ ਸਫ਼ਰਨਾਮਾ 'ਸੱਦੀ ਹੋਈ ਮਿੱਤਰਾਂ ਦੀ' (1984), ਹਰਿਭਜਨ ਸਿੰਘ ਦਾ ਸਫ਼ਰਨਾਮਾ 'ਨਿਰਭਉ ਨਿਰਵੈਰ' (1986) ਆਦਿ ਇਸੇ ਵਰਗ ਵਿਚ ਆਉਂਦੇ ਹਨ।

ਹੁਣ ਕੁੱਝ ਅਜਿਹੇ ਸਫ਼ਰਨਾਮੇ ਲਿਖੇ ਜਾਣੇ ਸ਼ੁਰੂ ਹੋਏ ਹਨ ਜਿਨ੍ਹਾਂ ਦਾ ਇਕੋ-ਇਕ ਮਕਸਦ ਸਫ਼ਰ ਕਰਨਾ ਹੈ। ਨਿਰਲੇਪ ਸਿੰਘ ਦਾ ਸਫ਼ਰਨਾਮਾ 'ਤੁਰਦੀਆਂ ਅੱਖਾਂ ਵੇਖਦੇ ਪੈਰ' (2024) ਉਸ ਵਰਗ ਵਿਚ ਆਉਂਦਾ ਹੈ। ਹਰਵਿੰਦਰ ਭੰਡਾਲ ਦਾ ਸਫ਼ਰਨਾਮਾ 'ਸਫ਼ਰੀਆ' ਵੀ ਇਸੇ ਵਰਗ ਵਿਚ ਸ਼ਾਮਿਲ ਹੈ। ਇਨ੍ਹਾਂ ਤੋਂ ਪਹਿਲਾਂ ਪਿਆਰਾ ਸਿੰਘ ਦਾਤਾ ਅਤੇ ਮਨਮੋਹਨ ਬਾਵਾ ਦੇ ਸਫ਼ਰਨਾਮੇ ਇਸ ਵਰਗ ਦੀ ਪ੍ਰਤਿਨਿਧਤਾ ਕਰਦੇ ਹਨ ਪਰ ਇਹ ਸਫ਼ਰ ਜ਼ਿਆਦਾਤਰ ਭਾਰਤੀ ਉਪਮਹਾਂਦੀਪ ਦੇ ਅੰਦਰ-ਅੰਦਰ ਦੇ ਸਫ਼ਰਾਂ ਦਾ ਬਿਰਤਾਂਤ ਹਨ। ਇਸ ਲਿਹਾਜ਼ ਨਾਲ ਸਫ਼ਰਨਾਮਾ ਸਾਹਿਤ ਨੂੰ ਦੋ ਜਾਂ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਇਕ ਦੇਸ਼ ਦੇ ਅੰਦਰ ਅੰਦਰ ਦੇ ਸਫ਼ਰਾਂ ਦੇ ਬਿਰਤਾਂਤ ਤੇ ਦੂਜੇ ਵਿਦੇਸ਼ਾਂ ਦੇ ਸਫ਼ਰਾਂ ਦੇ ਬਿਰਤਾਂਤ, ਇਸ ਵਿਚ ਪਾਕਿਸਤਾਨ ਦੇ ਸਫ਼ਰਾਂ ਦੇ ਬਿਰਤਾਂਤ ਵੀ ਸ਼ਾਮਿਲ ਹਨ ਜਿਹੜੇ ਨਾ ਤਾਂ ਦੇਸ਼ ਦੇ ਸਫ਼ਰਾਂ ਦੇ ਬਿਰਤਾਂਤ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਵਿਦੇਸ਼ ਦੇ ਸਫ਼ਰਾਂ ਦੇ ਬਿਰਤਾਂਤ ਹਨ। ਇਸ ਲਈ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਸਫ਼ਰ ਦੀ ਚਾਹਤ, ਲੋੜ, ਸੰਦਰਭ, ਮਕਸਦ ਆਦਿ ਦੀ ਵੱਖਰਤਾ ਕਾਰਣ ਸਫ਼ਰਨਾਮਿਆਂ ਦੀ ਰੂਪ ਰਚਨਾ ਅਤੇ ਵਿਉਂਤਕਾਰੀ ਵਿਚ ਬਹੁਤ ਵੰਨਸੁਵੰਨਤਾ ਦੇ ਮੱਦ-ਏ-ਨਜ਼ਰ ਇਸ ਵਰਗ ਵਿਚ ਆਉਣ ਵਾਲੀਆਂ ਰਚਨਾਵਾਂ ਦੇ ਅਧਿਐਨ ਲਈ ਕੋਈ ਇਕ ਮਾਡਲ ਨਹੀਂ ਬਣਾਇਆ ਜਾ ਸਕਦਾ।

ਸਫ਼ਰਨਾਮਾ ਭਾਵੇਂ ਕੀਤੇ ਜਾ ਰਹੇ ਸਫ਼ਰ ਦਾ ਜੀਵੰਤ ਬਿਰਤਾਂਤ ਹੁੰਦਾ ਹੈ ਪਰ ਇਹ ਉਦੋਂ ਨਹੀਂ ਲਿਖਿਆ ਜਾਂਦਾ ਜਦੋਂ ਸਫ਼ਰ ਕੀਤਾ ਜਾ ਰਿਹਾ ਹੁੰਦਾ ਹੈ। ਸਫ਼ਰ ਦੇ ਅਨੁਭਵ ਨੂੰ ਪੂਰੀ ਤਰ੍ਹਾਂ ਚੇਤਨਾ ਵਿਚ ਸਹੇਜਣ ਤੋਂ ਬਾਅਦ ਉਸ ਦੇ ਬਿਰਤਾਂਤਕ ਪ੍ਰਸੰਗ ਵਿਚ ਕਿਸੇ ਕੇਂਦਰੀ ਬਿੰਦੂ ਅਤੇ ਉਸ ਦੇ ਸਮੁੱਚੇ ਪਾਸਾਰ ਨੂੰ ਸਮੇਟਣ ਵਾਲੀ ਗੋਲਾਈ ਦੇ ਹਾਸਿਲ ਹੋ ਜਾਣ ਬਾਅਦ ਇਕ ਵਿਸ਼ੇਸ਼ ਅਰਥ ਦੇ ਪ੍ਰਗਟਾਵੇ ਲਈ ਲਿਖਿਆ ਜਾਂਦਾ ਹੈ। ਇਸ ਲਈ ਉਪਰੋਂ ਦੇਖਣ


ISSN : 2395-1273

ਨੂੰ ਸਫ਼ਰਨਾਮਾ ਯਥਾਰਥਕ ਅਨੁਭਵ ਦਾ ਪ੍ਰਤਿਰੂਪਕ ਪ੍ਰਗਟਾਵਾ ਜਾਪਦਾ ਹੈ ਪਰ ਗਹਿਰੇ ਰੂਪ ਵਿਚ ਇਸ ਰਾਹੀਂ ਆਤਮ ਪ੍ਰਗਟਾਵੇ ਦੀ ਬਿਰਤੀ ਦਾ ਵਿਸ਼ੇਸ਼ ਮਹੱਤਵ ਰਹਿੰਦਾ ਹੈ ਅਤੇ ਇਹ ਬਿਰਤੀ ਸਫ਼ਰਨਾਮੇ ਨੂੰ ਕਲਾਤਮਕ ਆਕਾਰ ਦੇਣ ਵਿਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਇਸ ਲਈ ਸਫ਼ਰਨਾਮਾਕਾਰ ਸਭ ਤੋਂ ਪਹਿਲਾਂ ਡਾਇਰੀ ਲਿਖਦਾ ਹੈ ਜਿਹੜੀ ਕਿ ਸਫ਼ਰਨਾਮੇ ਦਾ ਮੂਲ ਆਧਾਰ ਬਣਦੀ ਹੈ। ਸਫ਼ਰਨਾਮਾ ਦਾ ਸੰਭਾਵੀ ਲੇਖਕ ਸਫ਼ਰ ਦੌਰਾਨ ਜਦੋਂ ਵੀ ਵਿਹਲ ਜਾਂ ਰਾਹਤ ਮਿਲਦੀ ਹੈ, ਸਫ਼ਰ ਦੇ ਅਨੁਭਵਾਂ ਬਾਰੇ ਨੋਟਸ ਲੈਂਦਾ ਰਹਿੰਦਾ ਹੈ। ਇਨ੍ਹਾਂ ਨੋਟਸਾਂ ਵਿਚ ਸਥਾਨਾਂ, ਉਨ੍ਹਾਂ ਨੂੰ ਦੇਖਦੇ ਹੋਏ ਮਨ ਵਿਚ ਆਏ ਭਾਵਾਂ, ਵਿਅਕਤੀਆਂ ਦੇ ਵਤੀਰੇ, ਹੁੰਗਾਰੇ ਤੇ ਕਾਰਜਾਂ ਦੇ ਨਾਲ-ਨਾਲ ਛੋਟੀਆਂ-ਵੱਡੀਆਂ ਘਟਨਾਵਾਂ ਦੇ ਬਿਓਰੇ ਨੋਟ ਕਰਦਾ ਹੈ। ਇਸ ਸਭ ਵਿਚੋਂ ਜਦੋਂ ਕੋਈ ਕੇਂਦਰੀ ਅਰਥ ਦੀ ਲਿਸ਼ਕੋਰ ਪੈਂਦੀ ਹੈ ਤਾਂ ਉਸ ਅਰਥ ਨੂੰ ਸਾਕਰ ਕਰਨ ਲਈ ਉਹ ਸਾਰੀ ਸਮੱਗਰੀ ਨੂੰ ਸਿਰਜਣਾਤਮਕ ਵਿਉਂਤ ਵਿਚ ਬੰਨ੍ਹਦਾ ਹੈ। ਇਸ ਪ੍ਰਕਿਰਿਆ ਰਾਹੀਂ ਇਕ ਸਫ਼ਰਨਾਮਾ ਲਿਖਤ ਸਾਹਮਣੇ ਆਉਂਦੀ ਹੈ। ਇਸ ਲਈ ਸਫ਼ਰਨਾਮਾ ਦੀ ਸੰਰਚਨਾ ਕੋਈ ਆਪਮੁਹਾਰੀ ਵਸਤੂ ਨਹੀਂ ਹੁੰਦੀ ਸਗੋਂ ਅਰਥ ਦੀ ਸਿਰਜਣਾ ਦੇ ਮੰਤਵ ਨਾਲ ਸੁਚੇਤ ਸਿਰਜਣਾਤਮਕ ਪ੍ਰਕਾਰਜ ਨੂੰ ਸਾਹਮਣੇ ਰੱਖ ਕੇ ਸਿਰਜੀ ਗਈ ਸੰਰਚਨਾ ਹੁੰਦੀ ਹੈ।

ਪੰਜਾਬੀ ਸਫ਼ਰਨਾਮਾ ਸਾਹਿਤ ਦੇ ਉਪਲਬਧ ਅਧਿਐਨ ਵਿਚ ਪੰਜਾਬੀ ਵਿਚ ਸਫ਼ਰਨਾਮੇ ਨੂੰ ਇਕ ਸਥਾਪਿਤ ਵਿਧਾ ਦੇ ਤੌਰ ਤੇ ਸਵੀਕਾਰ ਕਰਦੇ ਹੋਏ ਇਸ ਦੀਆਂ ਰਚਨਾਤਮਕ ਰੀਤੀਆਂ ਨੂੰ ਪਛਾਣਨ ਤੇ ਨਿਸ਼ਚਿਤ ਕਰਨ ਦੇ ਯਤਨ ਹੋਏ ਹਨ। ਇਹਨਾਂ ਅਧਿਐਨਾਂ ਵਿਚ ਪੰਜਾਬੀ ਸਫ਼ਰਨਾਮੇ ਦੀ ਕਾਲ ਵੰਡ ਕਰਦਿਆਂ ਇਸ ਦੀ ਪ੍ਰਗਟਾਓ ਸ਼ੈਲੀ ਤੇ ਯਾਤਰਾ ਪਾਸਾਰ ਦੇ ਆਧਾਰ 'ਤੇ ਵਰਗ ਵੰਡ ਵੀ ਕੀਤੀ ਗਈ ਮਿਲਦੀ ਹੈ। ਸਫ਼ਰਨਾਮੇ ਦੀਆਂ ਤਿੰਨ ਮੁੱਖ ਵਿਧਾਵਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੂੰ ਪੱਤਰ-ਰੂਪ, ਡਾਇਰੀ-ਰੂਪ ਅਤੇ ਨਿਬੰਧ-ਰੂਪ ਦੇ ਨਾਮ ਦਿੱਤੇ ਗਏ ਹਨ । ਯਾਤਰਾ ਪਾਸਾਰ ਦੇ ਪੱਖ ਤੋਂ ਪੰਜਾਬੀ ਸਫ਼ਰਨਾਮੇ ਨੂੰ ਭਾਰਤ ਨਾਲ ਸੰਬੰਧਿਤ ਤੇ ਵਿਦੇਸ਼ ਨਾਲ ਸੰਬੰਧਿਤ ਸਫ਼ਰਨਾਮਿਆਂ ਦੇ ਪ੍ਰਵਰਗ ਬਣਾਏ ਗਏ ਹਨ। ਇਸ ਤੋਂ ਅੱਗੇ ਵੀ ਭਾਰਤ ਨਾਲ ਸੰਬੰਧਿਤ ਸਫ਼ਰਨਾਮਿਆਂ ਨੂੰ ਉੱਤਰ ਭਾਰਤ, ਦੱਖਣੀ ਭਾਰਤ ਤੇ ਜੰਮੂ ਕਸ਼ਮੀਰ ਨਾਲ ਸੰਬੰਧਿਤ ਸਫਰਨਾਮਿਆਂ ਵਿਚ ਵੰਡਿਆ ਗਿਆ ਹੈ।

ਸਫ਼ਰ ਦੀ ਦਿਸ਼ਾ ਅਤੇ ਪਾਸਾਰ ਸਫ਼ਰਨਾਮੇ ਦੀ ਪਾਠਗਤ ਵਿਉਂਤ ਉੱਪਰ ਵੀ ਅਸਰ ਅੰਦਾਜ਼ ਹੁੰਦੇ ਹਨ। ਭਾਵੇਂ ਸੰਬੰਧਿਤ ਖੋਜੀਆਂ ਨੇ ਯਾਤਰਾ ਸਥਾਨ ਤੇ ਸਫ਼ਰਨਾਮੇ ਦੀ ਪ੍ਰਗਟਾਓ ਵਿਧੀ ਦਰਮਿਆਨ ਕਿਸੇ ਸੰਬੰਧ ਬਾਰੇ ਸਿਧਾਂਤਕ ਚਰਚਾ ਨਹੀਂ ਕੀਤੀ ਪਰ ਅਚੇਤ ਹੀ ਯਾਤਰਾ ਸਥਾਨ ਜਾਂ ਦਿਸ਼ਾ ਨੂੰ ਸਫ਼ਰਨਾਮੇ ਦੀ ਵਰਗ ਵੰਡ ਦਾ ਆਧਾਰ ਮਿੱਥ ਕੇ ਇਸ ਨੁਕਤੇ ਦੀ ਸਾਰਥਕਤਾ ਵੱਲ ਇਸ਼ਾਰਾ ਕੀਤਾ ਹੈ। ਵੀਹਵੀਂ ਸਦੀ ਦੇ ਅਖ਼ੀਰ ਉੱਤੇ ਵੱਖ-ਵੱਖ ਮੁਲਕਾਂ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਸ਼ਮੂਲੀਅਤ ਲਈ ਜਾਣ ਦੇ ਪ੍ਰਸੰਗ ਨੂੰ ਪਿਛੋਕੜ ਵਿਚ ਰੱਖ ਕੇ ਲਿਖੇ ਗਏ ਸਫ਼ਰਨਾਮਿਆਂ ਵਿਚ ਯਾਤਰਾ ਦੇ ਸਥਾਨ ਜਾਂ ਦਿਸ਼ਾ ਦੀ ਥਾਂ ਸ਼ਖ਼ਸੀਅਤ ਜਾਂ ਸਥਿਤੀਆਂ ਦੇ ਚਿੱਤਰਾਂ ਨੇ ਲੈ ਲਈ ਹੈ। ਸੰਸਾਰ ਪੱਧਰ ਉੱਤੇ ਹੋਏ ਸੂਚਨਾ-ਵਿਸਫੋਟ ਉਪਰੰਤ ਯਾਤਰਾ-ਸਥਾਨ ਬਾਰੇ ਜਾਣਕਾਰੀਆਂ ਲਈ ਗ਼ੈਰ ਸਾਹਿਤਕ ਸੂਚਨਾ ਸਮੱਗਰੀ (ਵਿਸ਼ੇਸ਼ ਸੈਲਾਨੀ ਸਥਾਨਾਂ ਦੀਆਂ ਵਿਸਤ੍ਰਿਤ ਸੂਚਨਾਵਾਂ ਲਈ ਪ੍ਰਕਾਸ਼ਿਤ ਬਰੋਸ਼ਰ ਆਦਿ) ਇੰਨੀ ਕੁ ਉਪਲਬਧ ਹੈ ਕਿ ਉਸਦੇ ਸੰਚਾਰ ਲਈ ਅਤੇ ਇਸ ਵਿਚੋਂ ਪੈਦਾ ਹੁੰਦੇ ਕੌਤੂਹਲ ਦੇ ਪ੍ਰਗਟਾਵੇ ਲਈ ਸਫ਼ਰਨਾਮੇ ਪੜ੍ਹਨ ਦੀ ਲੋੜ ਨਹੀਂ ਰਹੀ। ਇਸ ਦੀ ਬਜਾਏ ਬੇਗਾਨੇ ਦੇਸ਼ਾਂ ਦੇ ਜੀਵਨ ਸੱਭਿਆਚਾਰ ਤੇ ਰਾਜਨੀਤੀ ਬਾਰੇ ਅਗਿਆਤ-ਅਦ੍ਰਿਸ਼ ਵੇਰਵੇ ਤੇ ਉਨਾਂ ਦੀ ਵਿਸ਼ਲੇਸ਼ਣਾਤਮਕ ਬਿਰਤਾਂਤਕਾਰੀ ਮਹੱਤਵਪੂਰਨ ਹੋ ਗਈ ਹੈ। ਸਫ਼ਰਨਾਮੇ ਨੂੰ ਹੁਣ ਨਿਰੋਲ ਭਾਵ-ਸਾਹਿਤ ਜਾਂ ਨਿਰੋਲ ਗਿਆਨ-ਸਾਹਿਤ ਦੇ ਪ੍ਰਵਰਗ ਵਿਚ ਰੱਖਣ ਦੀ ਬਜਾਏ ਇਕ ਅਜਿਹੇ ਮਿਸ਼ਰਿਤ ਸਾਹਿਤ ਰੂਪ ਵਜੋਂ ਪੜ੍ਹਨ ਦੀ ਲੋੜ ਹੈ, ਜੋ ਇਤਿਹਾਸਕ ਸਮੇਂ, ਸਥਾਨ ਤੇ ਸਥਿਤੀਆਂ ਬਾਰੇ ਇਕ ਨਿਸ਼ਚਿਤ ਸਬਜੈਕਟ ਪੁਜੀਸ਼ਨ ਤੋਂ ਸਿਰਜਿਆ ਗਿਆ ਪ੍ਰਵਚਨ ਹੁੰਦਾ ਹੈ। ਇਸ ਵਿਚ ਇਤਿਹਾਸ ਤੇ ਸੱਭਿਆਚਾਰ, ਸਥਾਨਕ ਤੇ ਅੰਤਰਰਾਸ਼ਟਰੀ, ਅੰਤਰੀਵੀ ਤੇ ਬਾਹਰਵਰਤੀ, ਨਿਜੀ ਤੇ ਰਾਜਸੀ ਵੇਰਵੇ, ਪਾਸਾਰ ਤੇ ਮੂਲ-ਤੱਤ ਆਪੋ ਵਿਚ ਸੰਵਾਦਕ ਪ੍ਰਕਿਰਿਆ ਵਿਚ ਪੇਸ਼ ਹੁੰਦੇ ਹਨ। ਸਫ਼ਰਨਾਮਾ ਆਪਣੇ ਥੀਮਕ ਪਾਸਾਰ ਵਜੋਂ ਜੇ ਇਤਿਹਾਸ ਦਾ ਬਦਲਵਾਂ ਬਿਰਤਾਂਤ ਹੈ ਤਾਂ ਸਾਹਿਤਕ ਅਭੀਵਿਅਕਤੀ ਪੱਖੋਂ ਇਹ ਜੀਵਨੀ, ਸਵੈਜੀਵਨੀ, ਰੇਖਾ ਚਿੱਤਰ, ਨਿਬੰਧ, ਨਾਟਕ, ਕਹਾਣੀ ਤੇ ਕਵਿਤਾ ਦੀਆਂ ਜੁਗਤਾਂ ਦਾ ਮਿਸ਼ਰਣ ਤੇ ਰੂਪਾਂਤਰਨ ਕਰਨ ਵਾਲੀ ਸਾਹਿਤਕ ਵਿਧਾ ਹੈ। ਇਸ ਲਈ ਵਿਧਾ-ਸ਼ਾਸਤਰ ਦੀਆਂ ਅੰਤਰ-ਦ੍ਰਿਸ਼ਟੀਆਂ ਦੀ ਰੌਸ਼ਨੀ ਵਿਚ ਸਫ਼ਰਨਾਮੇ ਦੇ ਅੰਤਰੀਵੀ ਵਿਧਾਗਤ ਰੂਪਾਂਤਰਨ ਦੀ ਸੰਭਾਵਨਾ ਨੂੰ ਸਵੀਕਾਰ ਕਰਦੇ ਹੋਏ ਇਸ ਨੂੰ ਇਕ ਗਤੀਸ਼ੀਲ ਵਿਧਾ ਦੇ ਤੌਰ 'ਤੇ ਸਵੀਕਾਰ ਕਰਨਾ ਲੋੜੀਂਦਾ ਹੈ। ਸਫ਼ਰਨਾਮਾ ਪਾਠ ਦਾ ਅਧਿਐਨ ਕਰਦਿਆਂ ਇਨ੍ਹਾਂ ਪੱਖਾਂ ਨੂੰ ਧਿਆਨ ਗੋਚਰੇ ਰੱਖਣਾ ਅਤਿ ਜ਼ਰੂਰੀ ਹੈ।

ਪੰਜਾਬੀ ਵਿਚ ਸਫ਼ਰਨਾਮੇ ਦੇ ਪੁਨਰ ਮੁਲਾਂਕਣ ਦੀ ਸਭ ਤੋਂ ਪਹਿਲੀ ਜ਼ਰੂਰਤ ਇਹ ਹੈ ਕਿ ਇਸ ਵਿਧਾ ਦੀ ਗਤੀਸ਼ੀਲਤਾ ਅਤੇ ਇਸ ਗਤੀ ਦੇ ਪ੍ਰੇਰਕਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਪੰਜਾਬੀ ਸਫ਼ਰਨਾਮੇ ਬਾਰੇ ਹੁਣ ਤੱਕ ਜੋ ਖੋਜ ਅਤੇ ਅਧਿਐਨ ਉਪਲਬਧ ਹਨ, ਉਹਨਾਂ ਵਿਚ ਸਫ਼ਰਨਾਮਾ ਵਿਧਾ ਦੇ ਇਕ ਸਥਿਰ ਅਤੇ ਪੂਰਵ-ਨਿਸ਼ਚਿਤ ਚੌਕਟੇ ਨੂੰ ਮੁਲਾਂਕਣ ਦਾ ਆਧਾਰ ਬਣਾਇਆ ਗਿਆ ਹੈ। ਸਫਰ ਅਤੇ ਸਥਾਨ ਦੇ ਵੇਰਵਿਆਂ ਨੂੰ ਕੇਂਦਰੀ ਸਥਾਨ ਦੇ ਕੇ, ਜ਼ਿਆਦਾਤਰ ਯਾਤਰਾ ਅਨੁਭਵ ਦੀ ਨਿਜੀਕ੍ਰਿਤ ਸ਼ੈਲੀ ਵਿਚ ਸਾਹਿਤਕ ਅਭਿਵਕਤੀ ਨੂੰ ਉੱਤਮ ਮੰਨਿਆ ਗਿਆ ਹੈ ਜਦਕਿ ਹਕੀਕੀ ਸਥਿਤੀ ਇਹ ਹੈ ਕਿ ਮੁਸਾਫ਼ਰੀ ਅਤੇ ਸਫ਼ਰਨਾਮਾ ਲੇਖਨ ਦੇ ਸਰੋਕਾਰ ਲਗਾਤਾਰ ਬਦਲਦੇ ਰਹੇ ਹਨ, ਜਿਨ੍ਹਾਂ ਕਰਕੇ ਸਫ਼ਰਨਾਮਾਕਾਰ ਦੇ ਬਿਰਤਾਂਤਕ ਫੋਕਸ ਵਿਚ ਤਬਦੀਲੀ ਵਾਪਰਦੀ ਰਹੀ ਹੈ, ਸਿੱਟੇ ਵਜੋਂ ਇਸ ਵਿਧਾ ਵਿਚ ਅਨੇਕਾਂ ਰੂਪਾਂਤਰਨ ਵਾਪਰੇ ਹਨ। ਪੰਜਾਬੀ ਸਾਹਿਤ ਦੀਆਂ ਸਭ ਆਧੁਨਿਕ ਵਿਧਾਵਾਂ ਵਾਂਗ ਤਾਂ ਸਫ਼ਰਨਾਮਾ ਦੀ ਵਿਧਾ ਗਤੀਸ਼ੀਲ ਰਹੀ ਹੀ ਹੈ ਸਗੋਂ ਇਸ ਦੀ ਸਿਰਜਨਾਤਮਕ ਪ੍ਰਕਿਰਿਆ ਦੇ ਕੁਝ ਵਿਕੋਲਿੱਤਰੇ ਪਹਿਲੂ ਵੀ ਹਨ, ਜਿਨਾਂ ਨੂੰ ਧਿਆਨ ਵਿਚ ਰੱਖੇ ਬਿਨਾਂ ਨਾ ਇਸ ਵਿਧਾ ਦਾ ਇਤਿਹਾਸ ਲਿਖਿਆ ਜਾ ਸਕਦਾ ਹੈ, ਨਾ ਇਸ ਵਿਧਾ ਨਾਲ ਸੰਬੰਧਿਤ ਰਚਨਾ ਦੀ ਗਹਿਰੀ ਪੜ੍ਹਤ ਤਿਆਰ ਹੋ ਸਕਦੀ ਹੈ ਅਤੇ ਨਾ ਹੀ ਇਸ ਦੀਆਂ ਰਚਨਾਵਾਂ ਦਾ ਵਾਜਿਬ ਮੁਲਾਂਕਣ ਹੀ ਕੀਤਾ ਜਾ ਸਕਦਾ ਹੈ।

ਮੈਨੂੰ ਜਾਪਦਾ ਹੈ ਕਿ ਸਫ਼ਰਨਾਮੇ ਦੀ ਕਿਸੇ ਰਚਨਾ ਦੇ ਵਿਸ਼ਲੇਸ਼ਣ ਤੇ ਮੁਲਾਂਕਣ ਲਈ ਲੋਕ ਸਾਹਿਤ ਦੇ ਅਧਿਐਨ ਮਾਡਲ ਤੋਂ ਸਹਾਇਤਾ ਲਈ ਜਾ ਸਕਦੀ ਹੈ। ਲੋਕ-ਸਾਹਿਤਕ ਪਾਠ ਦੇ ਅਧਿਐਨ ਦੀ ਸਥਾਪਿਤ ਵਿਉਂਤ ਅਨੁਸਾਰ ਲੋਕ-ਸਾਹਿਤ ਦੀ ਕਿਸੇ ਰਚਨਾ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਲਈ ਸਿਰਫ਼ ਉਸਦੇ ਸ਼ਾਬਦਿਕ ਜੁੱਸੇ ਜਾਂ ਪਾਠ ਨੂੰ ਹੀ ਵਿਚਾਰ-ਵਿਸ਼ਲੇਸ਼ਣ ਦਾ ਆਧਾਰ ਬਨਾਉਣ ਦੀ ਬਜਾਏ, ਉਸ ਦੇ ਉਚਾਰ ਦੇ ਗ਼ੈਰ-ਭਾਸ਼ਾਈ ਵੇਰਵਿਆਂ ਨੂੰ ਵੀ ਧਿਆਨ ਗੋਚਰੇ ਰੱਖਣਾ ਪਵੇਗਾ। ਇਨ੍ਹਾਂ ਗ਼ੈਰ-ਭਾਸ਼ਾਈ ਵੇਰਵਿਆਂ ਵਿਚ ਉਚਾਰ ਪ੍ਰਸੰਗ, ਉਚਾਰਨ ਸ਼ੈਲੀ, ਉਚਾਰ ਸਥਿਤੀ, ਉਚਾਰਨ ਕਰਨ ਵਾਲੇ ਦੀ ਲਿੰਗ ਪਛਾਣ, ਪੁਨਰ ਸਿਰਜਨਾਤਮਕਤਾ ਦੀ ਸੰਭਾਵਨਾ ਆਦਿ ਪਹਿਲੂਆਂ ਦੇ ਸੰਦਰਭ ਵਿਚ ਹੀ ਲੋਕ ਸਾਹਿਤ ਦੇ ਕਿਸੇ ਪਾਠ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਸੰਭਵ ਹੈ। ਲਗਭਗ ਇਸੇ ਤਰ੍ਹਾਂ ਕਿਸੇ ਪੰਜਾਬੀ ਸਫ਼ਰਨਾਮੇ ਦੇ ਵਿਸ਼ਲੇਸ਼ਣ ਤੇ ਮੁਲਾਂਕਣ ਲਈ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮੁਸਾਫ਼ਰ ਕਿਸ ਮੰਤਵ ਨਾਲ ਸਫ਼ਰ ’ਤੇ ਜਾਂਦਾ ਹੈ? ਇਹ ਦੇਖਣ ਦੀ ਲੋੜ ਹੈ ਕਿ ਸਫ਼ਰਨਾਮਾ ਲੇਖਕ ਮਹਿਜ ਘੁੰਮਣ ਫਿਰਨ, ਸਰਕਾਰ ਦੇ ਪ੍ਰਤਿਨਿਧ ਵਜੋਂ ਜਾਂ ਕਿਸੇ ਪ੍ਰੋਫ਼ੈਸ਼ਨਲ ਡੈਲੀਗੇਸ਼ਨ ਦਾ ਹਿੱਸਾ ਬਣ ਕੇ ਸੱਭਿਆਚਾਰਕ ਅਦਾਨ ਪ੍ਰਦਾਨ ਦੀ ਯੋਜਨਾ ਅਧੀਨ, ਵਿਦਿਆਰਥੀ ਵਜੋਂ, ਰੋਜ਼ਗਾਰ ਕਰਨ ਲਈ, ਕਾਨਫਰੰਸ ਦੇ ਡੈਲੀਗੇਟ ਵਜੋਂ ਜਾਂ ਹੋਰ ਕਿਸ ਮੰਤਵ ਅਧੀਨ ਜਾਂਦਾ ਹੈ। ਦੂਜੇ, ਇਹ ਵੀ ਮਹੱਤਵਪੂਰਣ ਤੱਥ ਹੈ ਕਿ ਉਸ ਦਾ ਯਾਤਰਾ ਮਾਧਿਅਮ ਕੀ ਹੈ? ਉਹ ਸਮੁੰਦਰੀ ਜਹਾਜ਼, ਹਵਾਈ ਜਹਾਜ਼, ਰੇਲ, ਕਾਰ, ਸਾਈਕਲ ਜਾਂ ਪੈਦਲ ਜਾਂਦਾ ਹੈ। ਤੀਜੇ, ਉਸਦੀ ਯਾਤਰਾ ਭਾਰਤ ਦੇ ਅੰਦਰ ਹੀ ਹੈ ਜਾਂ ਵਿਦੇਸ਼ ਦੀ? ਜੇ ਵਿਦੇਸ਼ ਦੀ ਹੈ ਤਾਂ ਉਹ ਕਿਸ ਦੇਸ਼ ਜਾਂ ਕਿਸ ਮਹਾਂਦੀਪ ਦੀ ਯਾਤਰਾ ਕਰਦਾ ਹੈ। ਭਾਵ ਉਹ ਅਮਰੀਕਾ, ਯੂਰਪ, ਏਸ਼ੀਆ ਜਾਂ ਅਫਰੀਕਾ ਵਿਚੋਂ ਕਿਸ ਮਹਾਂਦੀਪ ਦੀ ਯਾਤਰਾ ਉੱਤੇ ਜਾਂਦਾ ਹੈ। ਚੌਥੇ, ਇਹ ਗੱਲ ਵੀ ਮਹੱਤਵ ਰੱਖਦੀ ਹੈ ਕਿ ਉਸਦੀ ਮੇਜ਼ਬਾਨੀ ਕੌਣ ਕਰ ਰਿਹਾ ਹੈ ਜਾਂ ਉਸ ਨੂੰ ਘੁਮਾਉਣ-ਫਿਰਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ? ਮੇਜ਼ਬਾਨੀ ਸਫ਼ਰਨਾਮਾ ਪਾਠ ਦੇ ਵਸਤੂ ਪਾਸਾਰ ਨੂੰ ਤੈਅ ਕਰਨ ਵਾਲਾ ਮਹੱਤਵਪੂਰਣ ਕਾਰਕ ਹੈ। ਸੋਵੀਅਤ ਰੂਸ ਵਿਚ ਉੱਥੋਂ ਦੀ ਸਰਕਾਰ ਵੱਲੋਂ ਪ੍ਰਯੋਜਿਤ ਯਾਤਰਾਵਾਂ ਦੀ ਬਿਰਤਾਂਤਕਾਰੀ ਵਿਚ ਉਹ ਸਥਾਨ ਹੀ ਸ਼ਾਮਿਲ ਹੋ ਸਕਦੇ ਸਨ, ਜਿਨ੍ਹਾਂ ਨੂੰ ਦਿਖਾਉਣਾ ਉੱਥੋਂ ਦੀ ਸਰਕਾਰ ਨੂੰ ਸੂਤ ਬਹਿੰਦਾ ਸੀ। ਇਸੇ ਲਈ ਸੋਵੀਅਤ ਦੇਸ਼ ਦੇ ਸਫ਼ਰਨਾਮਿਆਂ ਵਿਚ ਸੋਵੀਅਤ ਰਾਜ ਦੇ ਸਾਕਾਰਾਤਮਕ ਪਹਿਲੂ ਹੀ ਸਾਹਮਣੇ ਆਉਂਦੇ ਸਨ। ਇਸ ਦੀ ਤੁਲਨਾ ਵਿਚ ਜਦੋਂ ਕੋਈ ਪੰਜਾਬੀ ਲੇਖਕ ਅਮਰੀਕਾ, ਬਰਤਾਨੀਆਂ ਜਾਂ ਕੈਨੇਡਾ ਵਿਚ ਉੱਥੇ ਕਿਸੇ ਕਿਸਮ ਦੀ ਨੌਕਰੀ ਕਰਦੇ ਆਪਣੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਕੋਲ ਠਹਿਰਦਾ ਹੈ ਤਾਂ ਉਸ ਦੀਆਂ ਯਾਤਰਾਵਾਂ ਦਾ ਆਕਾਰ ਅਤੇ ਪਾਸਾਰ ਇਸ ਗੱਲ ਨਾਲ ਤੈਅ ਹੋ ਜਾਂਦਾ ਹੈ ਕਿ ਮੇਜ਼ਬਾਨ ਦੀ ਵਿੱਤੀ ਸਥਿਤੀ ਕਿਹੋ ਜਿਹੀ ਹੈ ਤੇ ਉਸ ਕੋਲ ਮੇਜ਼ਬਾਨ ਨੂੰ ਘੁਮਾਉਣ ਲਈ ਕਿੰਨਾ ਸਮਾਂ ਹੈ? ਪੰਜਵੇਂ, ਕੀ ਯਾਤਰੂ-ਲੇਖਕ ਦੀ ਕੋਈ ਪ੍ਰਤੱਖ ਰਾਜਸੀ ਵਿਚਾਰਧਾਰਾ ਵੀ ਹੈ? ਭਾਵ ਉਹ ਕਿਸੇ ਮੁਲਕ ਵਿਚ ਵਿਸ਼ੇਸ਼ ਵਿਚਾਰਧਾਰਾ ਨਾਲ ਜੁੜੇ ਹੋਣ ਕਰਕੇ ਗਿਆ ਹੈ। ਰੂਸ ਨਾਲ ਸੰਬੰਧਿਤ ਸਫ਼ਰਨਾਮਿਆਂ ਵਿਚ ਕਈ ਸਫ਼ਰਨਾਮੇ ਅਜਿਹੇ ਹਨ, ਜਿਹੜੇ ਕਮਿਊਨਿਸਟ ਵਿਚਾਰਧਾਰਾ ਨਾਲ ਪ੍ਰਤਿਬੱਧਤਾ ਜਾਂ ਹਮਦਰਦੀ ਰੱਖਣ ਵਾਲੇ ਲੇਖਕਾਂ ਨੇ ਲਿਖੇ ਹਨ। ਇਹ ਤੱਥ ਵੀ ਮਹੱਤਵਪੂਰਨ ਹੈ ਕਿ ਯਾਤਰੂ ਇਤਿਹਾਸ ਦੇ ਕਿਸ ਦੌਰ ਵਿਚ ਯਾਤਰਾ ਕਰ ਰਿਹਾ ਹੈ, ਕਿਉਂਕਿ ਇਸ ਨਾਲ ਉਸਦੀ ਰਾਜਸੀ ਪੁਜੀਸ਼ਨ ਜੁੜੀ ਹੋਈ ਹੋ ਸਕਦੀ ਹੈ। ਇਹਨਾਂ ਨੁਕਤਿਆਂ ਤੋਂ ਕਿਸੇ ਸਫ਼ਰਨਾਮੇ ਦੇ ਅੰਦਰਲੇ ਉਹਨਾਂ ਪ੍ਰਤੱਖ ਤੇ ਪਰੋਖ ਸੰਵਾਦਾਂ ਨੂੰ ਪਛਾਣਿਆ ਜਾ ਸਕਦਾ ਹੋਵੇਗਾ, ਜਿਹੜੇ ਰਚਨਾਕਾਰ


**www.sanvad.org**
ISSN : 2395-1273

ਤੇ ਵਸਤੂ ਸਥਿਤੀ, ਰੂਪਾਕਾਰ ਤੇ ਵਿਚਾਰਧਾਰਾ, ਵਿਅਕਤੀਗਤ ਤੇ ਰਾਜਨੀਤਕ, ਦ੍ਰਿਸ਼ ਤੇ ਦ੍ਰਿਸ਼ਟੀ, ਸੂਚਨਾਕਾਰੀ ਤੇ ਸਿਰਜਣਾ, ਬਾਹਰ-ਬਿਆਨੀ ਤੇ ਅੰਦਰ-ਬਿਆਨੀ ਅਤੇ ਹੋਰ ਅਨੇਕਾਂ ਪਹਿਲੂਆਂ, ਵੱਖਰਤਾਵਾਂ ਤੇ ਟਕਰਾਵੇਂ ਵੇਰਵਿਆਂ ਦਰਮਿਆਨ ਰਚਨਾ ਦੇ ਅੰਦਰ ਵਾਰ ਚਲਦੇ ਰਹਿੰਦੇ ਹਨ। ਇਸ ਕਿਸਮ ਦੀ ਪਹੁੰਚ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਕਿਸੇ ਸਾਹਿਤਕ ਰਚਨਾ ਦਾ ਵਿਸ਼ਲੇਸ਼ਣ ਰਚਨਾ ਬਾਹਰੇ ਵੇਰਵਿਆਂ ਦੇ ਹਵਾਲੇ ਨਾਲ ਕਰਨਾ ਵਾਜਿਬ ਨਹੀਂ ਹੈ, ਕਿਉਂਕਿ ਇਸ ਨਾਲ ਰਚਨਾ ਇਕ ਖ਼ੁਦਮੁਖ਼ਤਿਆਰ ਇਕਾਈ ਨਾ ਰਹਿ ਕੇ ਸਾਹਿਤ ਅਤਿਰਿਕਤ ਪ੍ਰਵਚਨਾਂ ਦੇ ਅਧੀਨ ਹੋ ਜਾਵੇਗੀ। ਪਰ ਇਸ ਇਤਰਾਜ਼ ਦਾ ਉੱਤਰ ਇੰਝ ਦਿੱਤਾ ਜਾ ਸਕਦਾ ਹੈ ਕਿ ਸਫ਼ਰਨਾਮਾ ਕਿਉਂਕਿ ਨਿਰੋਲ ਕਾਲਪਨਿਕ ਬਿਰਤਾਂਤ ਨਹੀਂ ਹੁੰਦਾ ਅਤੇ ਇਸ ਦੇ ਬਿਰਤਾਂਤਕਾਰ ਅਤੇ ਸਿੱਟੇ ਵਜੋਂ ਉਸ ਦੇ ਦ੍ਰਿਸ਼ਟੀ ਬਿੰਦੂ ਦੀ ਹੋਂਦ ਨਿਰੋਲ ਪਾਠ ਮੂਲਕ ਨਹੀਂ ਰਹਿੰਦੀ ਸਗੋਂ ਵਾਸਤਵਿਕ ਤੌਰ ਤੇ ਮੌਜੂਦ ਅਤੇ ਇਤਿਹਾਸਿਕ ਤੌਰ ਤੇ ਨਿਸ਼ਚਿਤ ਸਥਿਤੀ ਵਿਚ ਟਿਕੀ ਹੁੰਦੀ ਹੈ, ਇਸ ਲਈ ਸਾਹਿਤ ਅਤਿਰਿਕਤ ਪ੍ਰਵਚਨਾਂ ਦੀ ਹੋਂਦ ਬਾਹਰਵਰਤੀ ਨਹੀਂ ਹੁੰਦੀ ਸਗੋਂ ਇਹ ਪ੍ਰਵਚਨ ਤਾਂ ਸਫ਼ਰਨਾਮੇ ਦੇ ਪਾਠ ਦੇ ਅੰਦਰੋਂ ਗੁਜ਼ਰਦੇ ਹੋਏ ਇਸ ਨੂੰ ਅਰਥਵਾਨ ਬਣਾ ਰਹੇ ਹੁੰਦੇ ਹਨ।

ਇੰਝ ਸਫ਼ਰਨਾਮਾ ਇਕ ਅਜਿਹੀ ਰਚਨਾ ਹੈ, ਜਿਸ ਵਿਚ ਇਤਿਹਾਸ ਅਤੇ ਇਸ ਵਿਚਲੇ ਸੰਵਾਦ ਵਧੇਰੇ ਠੋਸ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਇਸ ਵਿਚ ਅੰਦਰੂਨੀ ਤੱਤ ਅਤੇ ਬਾਹਰੀ ਸੰਦਰਭ ਇਕ ਦੂਜੇ ਦੇ ਵਿਰੋਧ ਜਾਂ ਇਕ ਦੂਜੇ ਤੋਂ ਮੁਕੰਮਲ ਰੂਪ ਵਿਚ ਵਿਛੁੰਨੇ ਹੋਏ ਮੌਜੂਦ ਨਹੀਂ ਹੁੰਦੇ ਸਗੋਂ ਇਕ ਦੂਜੇ ਨਾਲ ਸੰਵਾਦ ਵਿਚ ਕਾਰਜਸ਼ੀਲ ਹੁੰਦੇ ਹਨ। ਅੰਦਰੂਨੀ ਤੱਤਾਂ ਅਤੇ ਬਾਹਰੀ ਸੰਦਰਭਾਂ ਦੇ ਇਸ ਨਿਰੰਤਰ ਸੰਵਾਦ ਨੂੰ ਹੀ ਸਫਰਨਾਮੇ ਦੀ ਹੋਂਦ ਵਿਧੀ ਦਾ ਕੇਂਦਰੀ ਸੂਤਰ ਮੰਨਿਆ ਜਾ ਸਕਦਾ ਹੈ। ਡਾ. ਆਤਮਜੀਤ ਸਿੰਘ ਦੇ ਲਫ਼ਜ਼ਾਂ ਵਿਚ:

> "ਸਫ਼ਰਨਾਮਾ ਇਕ ਹੋਰ ਅਜਿਹੀ ਗਦਵਿਧੀ ਹੈ ਜਿਸ ਨੂੰ ਪੰਜਾਬੀ ਗ਼ਦ ਕਾਰਾਂ ਨੇ ਬਹਿਰੰਗ ਜੀਵਨ ਦਾ ਬਿਰਤਾਂਤ ਪੇਸ਼ ਕਰਦਿਆਂ ਹੋਇਆਂ ਆਪਣੇ ਅੰਤਰਿਕ ਪਸਾਰਾਂ ਨੂੰ ਪਛਾਣਨ ਦੇ ਸੰਦਰਭ ਵਿਚ ਵਰਤਿਆ ਹੈ। ਸਫ਼ਰਨਾਮੇ ਵਿਚ ਬਿਰਤਾਂਤ ਬਾਹਰਲੇ ਪਾਸਾਰਗਤ ਜੀਵਨ ਦਾ ਮਿਲਦਾ ਹੈ ਪਰ ਇਸ ਵਿਚਲੀ ਯਾਤਰਾ ਸਮਾਨੰਤਰ ਅੰਦਰੂਨੀ ਤਲਾਸ਼ ਦੀ ਰਹਿੰਦੀ ਹੈ। ਅਜੋਕੇ ਸਮੇਂ ਵਿਚ ਪੰਜਾਬੀ ਗਦ ਸਫ਼ਰਨਾਮਿਆਂ ਦੀ ਰਚਨਾ ਇਕ ਪ੍ਰਕਾਰ ਦੀ ਬਹਿਰੰਗ ਪਸਾਰਾਂ ਰਾਹੀਂ ਅੰਤਰਿਕ ਜੀਵਨ ਦੀਆਂ ਰਮਜ਼ਾਂ ਨੂੰ ਪਛਾਣਨ ਅਤੇ ਆਪਣੇ ਆਪ ਨਾਲ ਜੁੜਨ ਦੇ ਯਤਨਾਂ ਨੂੰ ਸਾਕਾਰ ਕਰਦੀ ਹੈ"।

ਪੰਜਾਬੀ ਸਫ਼ਰਨਾਮੇ ਦੇ ਸਰੂਪ ਨੂੰ ਵਿਚਾਰੀਏ ਤਾਂ ਪ੍ਰਤੱਖ ਹੁੰਦਾ ਹੈ ਕਿ ਸਾਡੇ ਸਫ਼ਰਨਾਮਾਕਾਰਾਂ ਦੇ ਸਰੋਕਾਰ ਤੇ ਸਥਿਤੀਆਂ ਇਕੋ ਜਿਹੀਆਂ ਨਹੀਂ ਰਹੀਆਂ। ਸਾਡੇ ਸਫ਼ਰਨਾਮਾਕਾਰ ਵੱਖੋ-ਵੱਖ ਹਸਤੀ ਵਿਚ, ਵੱਖੋ-ਵੱਖ ਸਾਧਨਾਂ ਨਾਲ ਤੇ ਵੱਖ-ਵੱਖ ਸਰੋਕਾਰਾਂ ਨਾਲ ਸਫ਼ਰ 'ਤੇ ਜਾਂਦੇ ਰਹੇ ਹਨ। ਉਹਨਾਂ ਵਿਚੋਂ ਕੁਝ ਨੂੰ ਕਈ-ਕਈ ਸਾਲ ਵਿਦੇਸ਼ ਵਿਚ ਵਿਚਰਨ ਦਾ ਅਵਸਰ ਮਿਲਦਾ ਰਿਹਾ ਹੈ ਤੇ ਕਈ ਇਕ ਮਹੀਨਾ ਜਾਂ ਉਸ ਤੋਂ ਵੀ ਘੱਟ ਵਕਫ਼ੇ ਲਈ ਵਿਦੇਸ਼ ਯਾਤਰਾ ਕਰ ਸਕੇ ਹਨ। ਇਹਨਾਂ ਸਭ ਤੱਥਾਂ ਨਾਲ ਉਹਨਾਂ ਦੇ ਸਫ਼ਰਨਾਮੇ ਦੇ ਸਰੂਪ, ਵਿਉਂਤ ਤੇ ਬਿਰਤਾਂਤਕ ਪਾਸਾਰ ਤੇ ਰਚਨਾ ਵਿਸਤਾਰ ਪ੍ਰਭਾਵਿਤ ਹੁੰਦੇ ਰਹੇ ਹਨ। ਇਸ ਲਈ ਸਫ਼ਰਨਾਮਾ ਰਚਨਾ ਦੀ ਪੜ੍ਹਤ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਸਫ਼ਰਨਾਮਾਕਾਰ ਕੌਣ ਹੈ? ਜਿਵੇਂ ਇਤਿਹਾਸ ਚਿੰਤਕ ਈ.ਐੱਚ. ਕਾੱਰ ਇਤਿਹਾਸ ਨੂੰ ਸਮਝਣ ਲਈ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦਾ ਹੋਇਆ ਕਹਿੰਦਾ ਹੈ ਕਿ ਇਤਿਹਾਸ ਦੇ ਤੱਥਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਤਿਹਾਸਕਾਰ ਦਾ ਅਧਿਐਨ-ਵਿਸ਼ਲੇਸ਼ਣ ਕਰਨਾ ਚਾਹੀਦਾ ਹੈ, ਉਸੇ ਤਰ੍ਹਾਂ ਸਫ਼ਰਨਾਮਾ ਲਿਖਤ ਦੀ ਪੜ੍ਹਤ ਲਈ ਜ਼ਰੂਰੀ ਹੈ ਕਿ ਸਫ਼ਰਨਾਮਾਕਾਰ ਦੀ ਵਿਅਕਤੀਗਤ ਸਥਿਤੀ ਨੂੰ ਉਸ ਦੇ ਸਾਰੇ ਪ੍ਰਸੰਗਾਂ ਵਿਚ ਸਮਝਿਆ ਜਾਵੇ। ਇਹ ਦੇਖਿਆ ਜਾਵੇ ਕਿ ਉਸ ਦੀ ਯਾਤਰਾ ਦਾ ਮਕਸਦ, ਸਾਧਨ ਅਤੇ ਦਿਸ਼ਾ ਕੀ ਸੀ। ਉਸ ਦੇ ਮੁਤਾਬਿਕ ਹੀ ਉਸ ਦੀਆਂ ਯਾਦਾਂ ਵਿਚੋਂ ਸਾਕਾਰ ਹੋਈ ਰਚਨਾ ਦੀਆਂ ਪਰਤਾਂ ਨੂੰ ਸਮਝਿਆ ਜਾ ਸਕਦਾ ਹੋਵੇਗਾ। ਵੀਹਵੀਂ ਸਦੀ ਦੇ ਅੰਤਲੇ ਸਾਲਾਂ ਤੋਂ ਲੈਕੇ ਇਕੀਵੀਂ ਸਦੀ ਦੀ ਪਹਿਲੀ ਚੋਥਾਈ ਦੌਰਾਨ ਸਾਹਮਣੇ ਆਏ ਵਿਦੇਸ਼ੀ ਧਰਤੀਆਂ ਬਾਰੇ ਬਹੁਤੇ ਸਫ਼ਰਨਾਮਿਆਂ ਵਿਚ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦੇ ਜੀਵਨ ਦੀਆਂ ਝਲਕਾਂ ਜ਼ਿਆਦਾ ਦਿਖਾਈ ਦੇਣਗੀਆਂ। ਵਰਿਆਮ ਸੰਧੂ ਤਾਂ ਆਪਣੇ ਸਫ਼ਰਨਾਮੇ ਦਾ ਇਸੇ ਲਈ ਨਾਮ ਹੀ ਪਰਦੇਸੀ ਪੰਜਾਬ (2000) ਰੱਖ ਦਿੰਦਾ ਹੈ ਕਿ ਉਸ ਵਿਚ ਪਰਦੇਸੀ ਧਰਤੀਆਂ ਅਤੇ ਥਾਵਾਂ ਦੀ ਥਾਂ ਪਰਦੇਸਾਂ ਵਿਚ ਵੱਸਦੇ ਪੰਜਾਬੀਆਂ ਦੀਆਂ ਜੀਵਨ-ਸਥਿਤੀਆਂ ਦੇ ਚਿੱਤਰ ਵਧੇਰੇ ਹਨ। ਇਸੇ ਤਰ੍ਹਾਂ ਬਲਦੇਵ ਸਿੰਘ ਧਾਲੀਵਾਲ ਅਤੇ ਸੁਖਪਾਲ ਸਿੰਘ ਥਿੰਦ ਵੱਲੋਂ ਲਿਖੇ ਅਮਰੀਕਾ, ਕੈਨੇਡਾ ਤੇ ਬਰਤਾਨੀਆਂ ਦੇ ਸਫ਼ਰਨਾਮਿਆਂ ਵਿਚ ਪਰਦੇਸਾਂ ਵਿਚ ਵੱਸਦੇ ਆਮ ਲੋਕਾਂ ਅਤੇ ਲੇਖਕਾਂ ਦੇ ਸ਼ਬਦ ਚਿੱਤਰਾਂ ਦੀ ਗਿਣਤੀ ਜ਼ਿਕਰਯੋਗ ਹੈ। ਗੁਰਬਚਨ ਦੀਆਂ ਯਾਤਰਾ ਲਿਖਤਾਂ ਵਿਚੋਂ

'ਇਹਨਾਂ ਮੁੰਡਿਆਂ ਜਲਦੀ ਮਰ ਜਾਣਾ' (2003) ਵਿਚ ਸਥਾਨਕ ਪੰਜਾਬੀ ਲੋਕਾਂ ਦੇ ਸੰਘਰਸ਼ ਅਤੇ ਪਰਵਾਸੀ ਨੌਜਵਾਨਾਂ ਦੇ ਸੁਪਨਿਆਂ, ਕੁਰਾਹਾਂ ਅਤੇ ਇਨ੍ਹਾਂ ਨੌਜਵਾਨਾਂ ਦੇ ਮਨੁੱਖੀ ਤੱਤ ਤੋਂ ਵਿਰਵੇ ਹੁੰਦੇ ਜਾਣ ਦੀ ਪ੍ਰਕਿਰਿਆ ਦੇ ਪਿਛੋਕੜ ਵਿਚ ਮੌਜੂਦ ਮਨੁੱਖੀ ਸਥਿਤੀ ਦੇ ਚਿੱਤਰ ਪ੍ਰਮੁਖਤਾ ਹਾਸਿਲ ਕਰ ਗਏ ਹਨ। ਪੰਜਾਬੀ ਲੇਖਕ ਜਦੋਂ ਗ਼ੈਰ ਮੁਲਕਾਂ ਦੀਆਂ ਸਥਿਤੀਆਂ, ਉੱਥੋਂ ਦੇ ਪ੍ਰਬੰਧ, ਸਮਾਜਕ-ਸਭਿਆਚਾਰਕ ਮਾਨਤਾਵਾਂ, ਯਾਤਰਾ-ਸਥਲਾਂ, ਨਾਗਰਿਕ ਸਮਾਜ ਅਤੇ ਸ਼ਹਿਰੀ ਵਿਉਂਤਬੰਦੀ ਨੂੰ ਦੇਖਦੇ ਹਨ ਤਾਂ ਉਨ੍ਹਾਂ ਵਿਚ ਮਿਲਦਾ ਜੁਲਦਾ ਹੁੰਗਾਰਾ ਉਤਪੰਨ ਹੁੰਦਾ ਹੈ। ਇਸ ਤਰ੍ਹਾਂ ਦੀਆਂ ਸਮਾਨਤਾਵਾਂ ਦੇ ਪਿਛੋਕੜ ਵਿਚ ਉਨ੍ਹਾਂ ਦੀ ਪੂਰਬੀ-ਦ੍ਰਿਸ਼ਟੀ ਵੀ ਹੁੰਦੀ ਹੈ, ਉਨ੍ਹਾਂ ਦੀ ਭਾਰਤੀ-ਰਾਸ਼ਟਰੀਅਤਾ ਵੀ, ਪੰਜਾਬੀ ਕੌਮੀਅਤ ਦੇ ਭਾਵ ਵੀ, ਉਨ੍ਹਾਂ ਦੀ ਵਿਸ਼ੇਸ਼ ਧਾਰਮਿਕ ਪਛਾਣ ਵੀ ਅਤੇ ਕਦੇ-ਕਦੇ ਉਨ੍ਹਾਂ ਦੀ ਜਾਤ ਤੇ ਲਿੰਗ ਨਾਲ ਜੁੜੀ ਸੰਵੇਦਨਾ ਤੇ ਸਮਝ ਵੀ। ਇਸ ਤਰ੍ਹਾਂ ਉਹ ਮਹਿਜ ਵਿਅਕਤੀਆਂ ਵਜੋਂ ਮੇਜ਼ਬਾਨ ਸਮਾਜਾਂ ਤੇ ਸਭਿਆਚਾਰਾਂ, ਬੇਗਾਨੇ ਮੁਲਕਾਂ ਤੇ ਰਾਜਕੀ ਪ੍ਰਬੰਧਾਂ ਦਾ ਚਿੱਤਰ ਨਹੀਂ ਉਸਾਰਦੇ ਸਗੋਂ ਲਿੰਗ, ਜਾਤ, ਧਰਮ-ਸੰਪਰਦਾਇ, ਕੌਮ ਅਤੇ ਰਾਸ਼ਟਰ ਦੇ ਪ੍ਰਤਿਨਿਧੀ ਵਜੋਂ ਵੀ ਪ੍ਰਤੱਖ ਸਥਿਤੀਆਂ ਨਾਲ ਸੰਵਾਦ ਰਚਾਉਂਦੇ ਹਨ। ਸੋ ਸਫ਼ਰਨਾਮਾ ਲਿਖਤਾਂ ਦੀ ਪੜ੍ਹਤ ਤਿਆਰ ਕਰਨ ਲਈ ਮੁਸਾਫ਼ਰੀ ਦੇ ਵਿਭਿੰਨ ਪਾਸਾਰਾਂ ਦੇ ਪ੍ਰਸੰਗਾਂ ਦੇ ਨਾਲ-ਨਾਲ ਸਫ਼ਰਨਾਮਾਕਾਰ ਦੀ ਰਚਣੇਈ ਸ਼ਖ਼ਸੀਅਤ ਦੇ ਤਮਾਮ ਪਹਿਲੂਆਂ ਨੂੰ ਧਿਆਨ ਗੋਚਰੇ ਰੱਖਣ ਦੀ ਜ਼ਰੂਰਤ ਹੈ। ਇਸ ਤੋਂ ਬਿਨਾਂ ਸਫ਼ਰਨਾਮਿਆਂ ਵਿਚ ਸਤਹੀ ਪੱਧਰ ਉੱਤੇ ਨਜ਼ਰ ਆਉਂਦੇ ਵੇਰਵਿਆਂ ਦੀ ਸੰਖੇਪ ਸ਼ਬਦਾਂ ਵਿਚ ਪੁਨਰ-ਪੇਸ਼ਕਾਰੀ ਤਾਂ ਹੋ ਸਕਦੀ ਹੈ, ਉਨ੍ਹਾਂ ਦਾ ਗਹਿਰਾ ਵਿਸ਼ਲੇਸ਼ਣ ਅਤੇ ਅਧਿਐਨ ਨਹੀਂ।

ਆਮ ਕਰਕੇ ਸਫ਼ਰਨਾਮੇ ਨੂੰ ਅਰਧ-ਸਾਹਿਤਕ ਲਿਖਤ ਵਜੋਂ ਪੜ੍ਹਿਆ ਜਾਂਦਾ ਹੈ। ਇਸ ਦਾ ਕਾਰਣ ਸਫ਼ਰਨਾਮਾ ਲਿਖਤਾਂ ਦਾ ਦਸਤਾਵੇਜ਼ੀ ਸੁਭਾਅ ਹੈ। ਤੱਥਾਂ ਦੀ ਬਹੁਲਤਾ, ਦ੍ਰਿਸ਼ਟੀ-ਪਰਿਪੇਖ ਰਾਹੀਂ ਸਾਹਮਣੇ ਆਉਣ ਵਾਲੀਆਂ ਸੰਵੇਦਨਾਵਾਂ ਹੀ ਜ਼ਿਆਦਾਤਰ ਸਾਡੇ ਅਧਿਐਨ ਦੇ ਮਰਕਜ਼ ਵਿਚ ਰਹਿੰਦੀਆਂ ਹਨ। ਇਨ੍ਹਾਂ ਦੀ ਤੁਲਨਾ ਵਿਚ ਅਭਿਵਿਅਕਤੀ ਜਾਂ ਪ੍ਰਗਟਾਵੇ ਦਾ ਪਹਿਲੂ ਨਜ਼ਰ ਅੰਦਾਜ਼ ਹੋ ਜਾਂਦਾ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਫ਼ਰਨਾਮਾ ਨਾ ਤਾਂ ਕਿਸੇ ਮੁਲਕ ਜਾਂ ਖਿੱਤੇ ਦੇ ਸਮਾਜ ਤੇ ਸਭਿਆਚਾਰ ਬਾਰੇ ਮਹਿਜ ਤੱਥਾਂ ਦਾ ਸੰਗ੍ਰਹਿ ਹੈ ਤੇ ਨਾ ਇਹ ਇਤਿਹਾਸ ਹੈ। ਇਹ ਦਸਤਾਵੇਜ਼ ਅਤੇ ਇਤਿਹਾਸ ਵਰਗਾ ਹੋਣ ਦੇ ਬਾਵਜੂਦ ਮੁੱਖ ਰੂਪ ਵਿਚ ਇਕ ਸਾਹਿਤਕ ਪ੍ਰਗਟਾਵਾ ਹੈ। ਸਾਹਿਤਕ ਪ੍ਰਗਟਾਵੇ ਦੀ ਖ਼ਾਸੀਅਤ ਇਹ ਹੁੰਦੀ ਹੈ ਕਿ ਇਹ ਵਿਸ਼ੇਸ਼ ਅਰਥਾਂ ਦੇ ਉਤਪਾਦਨ ਲਈ ਭਾਸ਼ਾਈ ਜੁਗਤਾਂ ਉੱਤੇ ਟਿਕਿਆ ਹੁੰਦਾ ਹੈ। ਇਸ ਪੱਖ ਨੂੰ ਬਹੁਤ ਸਾਰੇ ਲੇਖਕ ਵੀ ਨਜ਼ਰਅੰਦਾਜ਼ ਕਰਦੇ ਹਨ ਇਸੇ ਲਈ ਉਨ੍ਹਾਂ ਦੀਆਂ ਲਿਖਤਾਂ ਦੀ ਉਮਰ ਬਹੁਤੀ ਜ਼ਿਆਦਾ ਨਹੀਂ ਹੁੰਦੀ ਤੇ ਉਹ ਕਾਲ ਦਾ ਗਰਾਸ ਬਣ ਜਾਂਦੀਆਂ ਹਨ। ਚਿਰਜੀਵੀ ਰਚਨਾ ਦੀ ਟੇਕ ਉਸ ਦੇ ਸੁਨੇਹੇ ਦੇ ਉਚੇਰੇ ਪੱਧਰ ਦੇ ਨਾਲ-ਨਾਲ ਉਸ ਸੁਨੇਹੇ ਦੀ ਸਾਹਿਤਕ ਭਾਸ਼ਾ ਉੱਤੇ ਹੁੰਦੀ ਹੈ। ਸਫ਼ਰਨਾਮਾ ਰਚਨਾ ਵਿਚ ਪਾਰਦਰਸ਼ੀ ਵਾਕਾਂ ਰਾਹੀਂ ਦ੍ਰਿਸ਼ਾਂ ਨੂੰ ਸਾਕਾਰ ਕਰਨ ਦੀ ਥਾਂ ਸੰਵੇਦਨਾਵਾਂ ਤੇ ਭਾਵਾਂ ਦੀ ਗਹਿਰਾਈ ਨੂੰ ਸੰਜੋਣ ਵਾਲੇ ਸੰਘਣੀ ਵਾਕ-ਬੁਣਤੀ ਵਧੇਰੇ ਕਾਰਗਰ ਹੁੰਦੀ ਹੈ। ਸਫ਼ਰਨਾਮਾਕਾਰ ਨੇ ਮਹਿਜ ਦ੍ਰਿਸ਼ਕਾਰੀ ਨਹੀਂ ਕਰਨੀ ਹੁੰਦੀ ਸਗੋਂ ਦ੍ਰਿਸ਼ ਨੂੰ ਚਿਹਨਕ ਬਣਾ ਕੇ ਉਸ ਤੋਂ ਪਾਰ ਦੇ ਅਰਥਾਂ ਦਾ ਸੰਕੇਤ ਵੀ ਕਰਨਾ ਹੁੰਦਾ ਹੈ। ਸਫ਼ਰਨਾਮੇ ਵਿਚਲੇ ਵਾਕਾਂ ਦਾ ਸੰਘਣਾਪਨ ਮਹਿਜ ਵਾਕ-ਚਤੁਰਤਾ ਵਿਚੋਂ ਪੈਦਾ ਨਹੀਂ ਹੁੰਦਾ ਸਗੋਂ ਸਫ਼ਰਨਾਮਾਕਾਰ ਦੇ ਆਪਣੀ ਸਭਿਅਤਾ ਦੇ ਨਾਲ ਹੋਰ ਸਭਿਅਤਾਵਾਂ ਦੇ ਇਤਿਹਾਸ ਦੇ ਗਿਆਨ ਵਿਚੋਂ ਵੀ ਉਗਮਦਾ ਹੈ। ਸੀਮਿਤ ਗਿਆਨ ਤੇ ਸੀਮਤ ਜ਼ਾਵੀਏ ਤੋਂ ਸੰਘਣੇ-ਸਾਹਿਤਕ ਵਾਕਾਂ ਦੀ ਸਿਰਜਣਾ ਵੀ ਨਹੀਂ ਕੀਤੀ ਜਾ ਸਕਦੀ। ਸਫ਼ਰਨਾਮਾਕਾਰ ਜਦੋਂ ਪ੍ਰਾਪਤ ਸਮੱਗਰੀ ਨੂੰ ਸਾਹਿਤਕ ਸਮੁੱਚ ਵਿਚ ਢਾਲਦਾ ਹੈ ਤਾਂ ਉਸ ਦਾ ਮਕਸਦ ਦ੍ਰਿਸ਼ ਦੇ ਰਾਹੀਂ ਅਦ੍ਰਿਸ਼ ਨੂੰ ਚਿਹਨਿਤ ਕਰਨਾ ਹੁੰਦਾ ਹੈ। ਇਸ ਲਈ ਸਫ਼ਰ ਦੇ ਬਿਓਰੇ ਸਫ਼ਰਨਾਮਾ ਦੇ ਥੀਮਕ ਉਸਾਰ ਵਿਚ ਕੇਂਦਰੀ ਮਹੱਤਵ ਦੇ ਧਾਰਣੀ ਹੋਣ ਦੇ ਬਾਵਜੂਦ ਸਫ਼ਰਨਾਮੇ ਦੇ ਸਾਹਿਤਕ ਪ੍ਰਗਟਾਵੇ ਵਿਚ ਇਕ ਸਾਧਨ ਮਾਤਰ ਬਣ ਜਾਂਦੇ ਹਨ ਅਤੇ ਉਨ੍ਹਾਂ ਰਾਹੀਂ ਪ੍ਰਗਟ ਅਰਥ ਉਹ ਮਕਸਦ ਹੁੰਦਾ ਹੈ ਜਿਸ ਤੋਂ ਬਿਨਾਂ ਸਫ਼ਰ ਦਾ ਬਿਰਤਾਂਤ ਵਧੇਰੇ ਮੁਲਵਾਨ ਨਹੀਂ ਰਹਿੰਦਾ। ਇਸ ਲਈ ਸਫ਼ਰਨਾਮਾ ਦੀ ਪੜ੍ਹਤ ਤਿਆਰ ਕਰਦਿਆਂ ਜਾਂ ਸਧਾਰਣ ਸ਼ਬਦਾਂ ਵਿਚ ਕਹੀਏ ਤਾਂ ਸਫ਼ਰਨਾਮਾ ਲਿਖਤ ਦਾ ਅਧਿਐਨ ਕਰਦਿਆਂ ਸਫ਼ਰਨਾਮਾਕਾਰ ਦੀ ਭਾਸ਼ਾ ਅਤੇ ਸਾਹਿਤਕ ਜੁਗਤਾਂ ਉੱਤੇ ਧਿਆਨ ਟਿਕਾਉਣਾ ਜ਼ਰੂਰੀ ਹੈ। ਸਫ਼ਰਨਾਮੇ ਨੂੰ ਅਰਥ ਦੇ ਪ੍ਰਗਟਾਵੇ ਦੀ ਸੰਰਚਨਾ ਨੂੰ ਸਮਝਣ ਲਈ ਸਫ਼ਰਨਾਮਾ ਲਿਖਤ ਦੇ ਵੱਖ-ਵੱਖ ਕਾਂਡਾਂ ਦੇ ਹਿੱਸਿਆਂ ਦੀ ਉਪਸੰਰਚਨਾ ਅਤੇ ਫਿਰ ਮੁਕੰਮਲ ਪਾਠ ਨੂੰ ਇਕ ਸਮੁੱਚ ਵਜੋਂ ਵੀ ਸਮਝਣਾ ਲੋੜੀਂਦਾ ਹੈ। ਸਫ਼ਰਨਾਮਾ ਦੀ ਰਚਨਾ ਪ੍ਰਕਿਰਿਆ ਦੇ ਤਮਾਮ ਬਾਹਰਮੁਖੀ ਤੇ ਅੰਤਰਮੁਖੀ ਪਹਿਲੂਆਂ ਦੇ ਪ੍ਰਸੰਗ ਵਿਚ ਵਿਸ਼ੇਸ਼ ਦ੍ਰਿਸ਼-ਪਰਿਪੇਖ ਰਾਹੀਂ ਭਾਵ-ਅਰਥਾਂ ਦੀ ਸਿਰਜਣਾ ਕਰਨ ਵਾਲੀ ਚਿਹਨਕੀ-ਸੰਰਚਨਾ ਨੂੰ ਸਾਹਮਣੇ ਲਿਆਉਣਾ ਅਧਿਐਨਕਰਤਾ ਦਾ ਫ਼ਰਜ਼ ਹੈ। ਸਫ਼ਰਨਾਮੇ ਦੀ ਸਾਹਿਤਕ ਹੋਂਦ ਦੇ ਇਨ੍ਹਾਂ ਲਾਜ਼ਮੀ ਪੱਖ ਨੂੰ ਨਜ਼ਰਅੰਦਾਜ਼ ਕਰਕੇ ਕਿਸੇ ਸਫ਼ਰਨਾਮਾ ਰਚਨਾ ਦੀ ਗਹਿਰੀ ਪੜ੍ਹਤ ਤਿਆਰ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

✧


ISSN : 2395-1273